ਹਿਤ ਸਰੋਤ

ਮਾਰਚ 2005

ਮਨੁਖ ਦੇ ਲਈ ਆਤਮਾ ਸਬੰਧੀ ਸਤਿ ਗਿਆਨ ਹੀ ਸਭ ਤੋਂ ਉੱਚ ਗਿਆਨ ਹੈ

ਅਤੇ ਏਸੇ ਲਈ ਮੁੱਖ ਗਿਆਨ ਹੈ, ਕਿਉਂਕਿ ਏਸ ਨੂੰ ਪ੍ਰਾਪਤ ਕਰ ਕੇ ਹੀ,

ਮਨੁੱਖ ਆਪਣੇ ਅਧਿਕਾਰ ਦੇ ਅਨੁਸਾਰ ਜਿੱਥੋਂ ਤੱਕ

ਸੰਭਵ ਹੋਵੇ, ਆਪਣੇ ਅਸਤਿੱਤ ਦੀ ਰੱਖਿਆ

ਅਤੇ ਆਪਣੇ ਆਤਮਾ ਦਾ ਵਿਕਾਸ

ਸਾਧਣ ਕਰ ਸਕਦਾ ਹੈ।

– ਦੇਵ ਆਤਮਾ

ਪਾਠਕਾਂ ਦੀ ਸਾਂਝ

ਪਦਮਪੁਰ ਤੋਂ ਇਕ ਧਰਮ ਸਬੰਧੀ ਮੰਤਰੀ ਜੀ ਦੀ ਸੇਵਾ ਵਿੱਚ ਇਸ ਪ੍ਰਕਾਰ ਲਿਖਦੇ ਹਨ :-

ਬਹੁਤ ਹੀ ਆਦਰ ਤੇ ਸਨਮਾਨ ਦੇ ਯੋਗ ਸ੍ਰੀਮਾਨ ਜੀ

ਸੱਤਿ ਦੇਵ ਕੀ ਜੈ ਤੇ ਸਾਦਰ ਪ੍ਰਣਾਮ

ਮੈਂ ਕਈ ਦਿਨ੍ਹਾਂ ਤੋਂ ਪੱਤਰ ਲਿਖਣ ਦੇ ਬਾਰੇ ਸੋਚ ਰਿਹਾ ਸੀ। ਆਲਸ ਅਨੁਰਾਗ ਦੇ ਕਾਰਨ ਰਹਿ ਜਾਂਦਾ ਸੀ। ਮੈਂ ਇਨ੍ਹਾਂ ਦਿਨਾਂ ਵਿੱਚ ਕੁਝ ਨ ਕੁਝ ਪੜਨ ਤੇ ਪਾਠ ਵਿਚਾਰ ਦਾ ਸਾਧਨ ਕਰਦਾ ਰਹਿੰਦਾ ਹਾਂ। ਖਾਸ ਕਰ ਪੂਜਨੀਅ ਦੇਵ ਸ਼ਾਸਤਰ, ਦੇਵ ਆਤਮਾ ਦਾ ਪਰਿਚੈ ਤੇ "ਭਗਵਾਨ ਦੇਵ ਆਤਮਾ ਦੀ ਸ਼ਰਨ ਵਿੱਚ" (ਸ਼ਰਧੇ ਸ਼੍ਰੀਮਾਨ ਧਰਮ ਬਲ ਜੀ ਦਾ ਜੀਵਨ)।

ਆਪ ਜੀ ਦੀ ਬੜੀ ਕ੍ਰਿਪਾ ਮਹਿਸੂਸ ਹੋ ਰਹੀ ਸੀ ਕਿ ਸ਼ਰਧੇ ਸ੍ਰੀਮਾਨ ਧਰਮਬਲ ਜੀ ਦੀ ਉਪਰੋਕਤ ਪੁਸਤਕ ਆਪ ਜੀ ਨੇ ਪ੍ਰਕਾਸ਼ਿਤ ਕੀਤੀ ਸੀ। ਇਸ ਨਾਲ ਮੈਨੂੰ ਬਹੁਤ ਫਾਇਦਾ ਹੋ ਰਿਹਾ ਹੈ। ਮੈਂ ਭਗਵਾਨ ਦੇਵ ਆਤਮਾ ਦੀ ਸਿਖਿਆ ਨੂੰ ਸਮਝਣ ਦੇ ਯੋਗ ਹੋਇਆ ਹਾਂ। ਇਸ ਤਰ੍ਹਾਂ ਦੀ ਪੁਸਤਕ ਆਪ ਵੀ ਲਿਖਣ ਦੀ ਆਪਣੇ ਜੀਵਨ ਦੇ ਉੱਤੇ ਕਿਰਪਾ ਕਰੋ। ਮੈਂ ਚਾਹੁੰਦਾ ਹਾਂ ਕਿ ਧਰਮ ਜੀਵਨ ਵਿੱਚ ਜੋ ਆਪ ਜੀ ਦੇ ਲੇਖ ਛਪਦੇ ਹਨ ਜਾਂ ਜੋ ਆਪ ਸਭ ਕਰਵਾਉਂਦੇ ਹੋ, ਉਸ ਦੀ ਇੱਕ ਪੁਸਤਕ ਲਿਖੀ ਜਾਵੇ। ਇਸ ਨਾਲ ਸਮਾਜ ਵਿੱਚ ਮੇਰੇ ਜਿਹੇ ਨੂੰ ਕਾਫੀ ਫਾਇਦਾ ਤੇ ਹਿੱਤ ਹੋਵੇਗਾ।

ਧਰਮ ਜੀਵਨ ਵਿੱਚ ਲੇਖ ਜੋ ਖੇੜਾ ਸਾਹਿਬ ਜੀ ਇੰਗਲਿਸ਼ ਵਿੱਚ ਛਾਪ ਰਹੇ ਹਨ ਅਗਰ ਉਹ ਹਿੰਦੀ ਵਿੱਚ ਛੱਪਣ ਤਾਂ, ਮੇਰੇ ਤੁੱਛ ਤੇ ਅਨਪੜ ਤੇ ਬੜੀ ਕ੍ਰਿਪਾ ਹੋਵੇਗੀ।

ਆਪ ਜੀ ਦੀ ਚੰਗੀ ਸਿਹਤ ਦੀ ਕਾਮਨਾ ਕਰਦਾ ਹਾਂ।

(ਇਕ ਤੁੱਝ ਤੇ ਦੁਰਬਲ ਸੇਵਕ)

ਜ਼ਰੂਰੀ ਸੂਚਨਾ

ਜੇ ਤੁਸੀਂ ਹਿਤ ਸਰੋਤ ਲਈ ਕੋਈ ਲੇਖ ਭੇਜਣਾ ਹੋਵੇ, ਜਾਂ ਕੋਈ ਪਰਚਾ ਨਵਾਂ ਜਾਰੀ ਕਰਾਉਣਾ ਜਾਂ ਬੰਦ ਕਰਾਉਣਾ ਹੋਵੇ, ਚੰਦਾ ਭੇਜਣਾ ਹੋਵੇ, ਹੋਰ ਕੋਈ ਜਾਣਕਾਰੀ ਲੈਣੀ ਹੋਵੇ ਤਾਂ ਇਸ ਪਤੇ ਤੇ ਸੰਪਰਕ ਕਰੋ ।

ਸ਼੍ਰੀ ਮਾਨ ਬਲਦੇਵ ਸਿੰਘ,
House No. 3154,
Sector 21-D, Chandigarh-160022,
Phone (95-172)-2716914 / 2716139.

ਹਿਤ ਸਰੋਤ

ਖੰਡ-18 ਮਾਰਚ 2005 **ਸੰਪਾਦਕ :**

ਅੰਕ -3 ਸਲਾਨਾ ਚੰਦਾ 50 ਰੁਪਈਏ **ਬਲਦੇਵ ਸਿੰਘ**

ਦੇਵ ਰੂਪ ਤੇ ਚਿੰਤਨ-11

ਆਤਮ ਰੂਪ ਦਰਸ਼ਾਤਾ

ਆਤਮਾ ਪਰਮਾਤਮਾ ਦੇ ਸ਼ਬਦ ਸਦੀਆਂ ਤੋਂ ਮਨੁੱਖ ਧਾਰਮਕ ਪਖ ਵਿਚ ਵਰਤੋਂ ਵਿੱਚ ਲਿਆ ਰਿਹਾ ਹੈ, ਐਪਰ ਇਨਾਂ ਦੋਵਾਂ ਅਸਤਿੱਤਾਂ ਦੀ ਹੋਂਦ ਬਾਰੇ, ਅਤੇ ਉਨ੍ਹਾਂ ਦੇ ਸੱਚੇ ਪਰਕਿਰਤ ਸਰੂਪ ਬਾਰੇ ਅਜੇ ਤਕ ਵੀ ਮਨੁੱਖ ਹਨੇਰੇ ਵਿਚ ਪੂਰਾ ਭੱਟਕ ਰਿਹਾ ਹੈ। ਪਰਮਾਤਮਾ ਦਾ ਜੋ ਸਰੂਪ ਮਨੁੱਖ ਨੇ ਕਲਪਤ ਕੀਤਾ ਹੈ, ਅਰਥਾਤ ਕਿ ਉਹ ਸਰਵ ਬਿਆਪਕ ਹੈ, ਸਰਵ ਸ਼ਕਤੀਮਾਨ ਹੈ, ਸਰਵ ਗਿਆਨੀ ਹੈ, ਸਰਵ ਕਿਰਪਾਲੂ ਹੈ, ਸਭ ਕੁਝ ਕਰਨ ਕਰਾਵਣ ਵਾਲਾ ਹੈ, ਉਹ ਤਰਕ ਦੀ ਤੇ ਵਿਗਿਆਨ ਦੀ ਤਕੜੀ ਤੇ ਪੂਰਾ ਨਹੀਂ ਉਤਰਦਾ। ਕੇਵਲ ਇਕ ਕਲਪਣਾ ਹੀ ਸਿੱਧ ਹੁੰਦਾ ਹੈ। ਆਤਮਾ ਨੂੰ ਵੀ ਕਿਉਂਕਿ ਪਰਮਾਤਮਾ ਦਾ ਸਰੂਪ ਜਾਂ ਅੰਸ਼ ਦੱਸਿਆ ਗਿਆ ਹੈ, ਇਸ ਲਈ ਬਹੁਤੇ ਆਲਮ ਤੇ ਵਿਗਿਆਨੀ ਇਸ ਦੇ ਸਰੂਪ ਨੂੰ ਵੀ ਨਹੀਂ ਮੰਨਦੇ। ਬਹੁਤੇ ਮਨੁੱਖ, ਮਨੁੱਖ ਨੂੰ ਕੇਵਲ ਸਰੀਰ ਹੀ ਜਾਣਦੇ ਤੇ ਮੰਨਦੇ ਹਨ, ਆਤਮਾ ਨਾ ਦੀ ਕਿਸੇ ਚੀਜ਼ ਨੂੰ ਉਹ ਨਹੀਂ ਮੰਨਦੇ।

ਧਾਰਮਕ ਲੋਕਾਂ ਦਾ ਬਹੁਤਾ ਆਧਾਰ, ਪਰਮਾਤਮਾ ਤੇ ਉਸ ਦੀ ਭਗਤੀ ਜਾਂ ਸਿਮਰਣ ਉਤੇ ਹੈ। ਉਨ੍ਹਾਂ ਆਤਮਾ ਨੂੰ ਉਸੇ ਦਾ ਸਵਰੂਪ ਜਾਂ ਅੰਸ਼ ਮੰਨ ਕੇ, ਉਸ ਦੀ ਖੋਜ ਦਾ ਖਿਆਲ ਛੱਡ ਕੇ, ਪਰਮਾਤਮਾ ਦੀ ਹੀ ਆਰਾਧਨਾ ਵਿੱਚ ਸਭ ਕੁਝ ਭਲਾ ਦੇਖਿਆ ਹੈ।

ਮੋਟੇ ਤੌਰ ਤੇ ਧਾਰਮਕ ਲੋਕਾਂ ਨੇ ਆਪਣੇ ਗਰੰਥਾਂ ਵਿੱਚ ਆਤਮਾ ਬਾਰੇ ਜੋ ਦੱਸਿਆ ਹੈ ਕਿ ਉਹ ਕੀ ਹੈ? ਉਹ ਇਸ ਪ੍ਰਕਾਰ ਹੈ।

1. ਉਹ ਸਤਿ ਚਿੱਤ ਅਨੰਦ ਸਰੂਪ ਹੈ।
2. ਉਹ ਬਰ੍ਹਮ ਸਵਰੂਪ ਹੈ।
3. ਉਹ ਬਰ੍ਹਮ ਦਾ ਅੰਸ਼ ਹੈ।
4. ਉਹ ਦੇਵਤ-ਰੂਪ ਹੈ।
5. ਉਹ ਨਿਰਲੇਪ ਹੈ। ਨਿਰਵਿਕਾਰ ਹੈ।
6. ਉਹ ਦੇਵਤ ਦੀ ਲੌ ਜਾਂ Flame ਹੈ, ਜੋਤੀ ਬਿੰਦੂ ਹੈ।
7. ਉਹ ਨੂਰ ਜਾਂ ਜੋਤ-ਸਰੂਪ ਹੈ।
8. ਉਹ ਪਰਮਾਤਮਾ ਦੀ ਫੂਕ ਹੈ।
9. ਉਹ ਪਰਮਾਤਮਾ ਦਾ ਹੁਕਮ ਹੈ।
10. ਉਹ ਆਪਣੇ ਆਪ ਕੁਝ ਨਹੀਂ ਆਪਣੇ ਸਰੀਰ ਦਾ ਹੀ ਜੌਹਰ ਹੈ।
11. ਉਹ ਅਵਿਨਾਸ਼ੀ ਹੈ, ਉਸਨੂੰ ਸ਼ਸਤਰ ਕਟ ਨਹੀਂ ਸਕਦਾ, ਅਗਨੀ ਜਲਾ ਨਹੀਂ ਸਕਦੀ, ਪਾਣੀ ਡਬੋ ਨਹੀਂ ਸਕਦਾ, ਹਵਾ ਉਸ ਨੂੰ ਸੁਕਾ ਨਹੀਂ ਸਕਦੀ।
12. ਆਤਮਾ ਨਾਂ ਦੀ ਕੋਈ ਵੀ ਵਸਤੂ ਵਾਸਤਵ ਵਿੱਚ ਨਹੀਂ ਹੈ।

ਉਪ੍ਰੋਕਤ ਵਿਚਾਰ ਦਸਦੇ ਹਨ ਕਿ ਰੂਹ ਬਾਰੇ ਅਜੇ ਤਕ ਘੋਰ ਹਨੇਰਾ ਹੈ, ਅਤੇ ਮਾਨਵ ਇਕ ਗਹਿਰੇ ਅੰਧਕਾਰ ਦਾ ਸ਼ਿਕਾਰ ਹੈ। ਉਸ ਨੂੰ ਅਜੇ ਤਕ ਆਤਮਾ

ਦੇ ਸਵਰੂਪ ਸਬੰਧੀ ਕੋਈ ਵੀ ਠੀਕ ਤੇ ਸਹੀ ਜਾਨਕਾਰੀ ਨਹੀਂ।

ਮਾਨਵ ਦੇ ਮਹਾਂ ਸੁਭਾਗ ਕਿ ਵਿਕਾਸ ਕਰਮ ਵਿੱਚ ਦੇਵ ਆਤਮਾ ਨੇ ਪ੍ਰਗਟ ਹੋ ਕੇ ਪਹਿਲੀ ਵੇਰ ਆਤਮਾ ਦੇ ਸਤਿ ਸਰੂਪ ਨੂੰ ਦੇਖਿਆ ਹੈ। ਆਤਮਾ ਸਬੰਧੀ ਉਨ੍ਹਾਂ ਜੀਵਨ ਭਰ ਵਿਗਿਆਨਕ ਵਿੱਧੀ ਦੇ ਆਧਾਰ ਤੇ ਖੋਜ ਕੀਤੀ ਹੈ। ਅਤੇ ਉਸ ਦੇ ਸਤਿ ਸਵਰੂਪ ਤੋਂ ਢੱਕਣ ਚੁਕਿਆ ਹੈ। ਉਨ੍ਹਾਂ ਨੇ ਆਪਣੀ ਅਦਭੁਤ ਜੋਤੀ ਅੰਦਰ ਇਸ ਦੀ ਅਦੁਤੀ ਮਹੱਤਤਾ ਨੂੰ ਵੀ ਦਰਸ਼ਾਈਆ ਹੈ।

ਉਨ੍ਹਾਂ ਦੱਸਿਆ ਹੈ ਕਿ ਆਤਮਾ ਹੈ ਅਤੇ ਇਸ ਦਾ ਵਜੂਦ ਸੌ ਫੀਸਦੀ ਸਤਿ ਹੈ। ਜਿਵੇਂ ਨੇਚਰ ਅੰਦਰ ਜੜ੍ਹ ਅਤੇ ਸ਼ਕਤੀ ਦੋ ਸਤਿ ਵਜੂਦ ਹਨ, ਉਵੇਂ ਮਨੁੱਖ ਸਰੀਰ ਤੇ ਆਤਮਾ, ਦੋਵੇਂ ਸਤਿ ਅਸਤਿੱਤ ਹਨ। ਉਨ੍ਹਾਂ ਦਰਸ਼ਾਇਆ ਹੈ, ਕਿ ਅਸਲ ਵਿੱਚ ਮਨੁਖੀ ਹਸਤੀ ਵਿੱਚ ਉਸਦਾ ਆਤਮਾ ਹੀ ਸਤਿ ਅਤੇ ਸਾਰ ਵਸਤੂ ਹੈ, ਉਸਦਾ ਸਰੀਰ ਤਾਂ ਇਸ ਆਤਮਾ ਦਾ ਘਰ ਹੈ। ਆਤਮਾ ਉਸਦਾ ਬਾਸੀ ਹੈ। ਦੋਵੇਂ ਨੇਚਰ ਦੇ ਅਟਲ ਨੇਮਾਂ ਦੇ ਆਧੀਨ ਹਨ। ਆਤਮਾ ਹੀ ਮਨੁੱਖ ਦੀ ਹਸਤੀ ਵਿੱਚ ਅਸਲ, ਸਤਿ ਅਤੇ ਸਾਰ ਤੇ ਮੁੱਖ ਪਦਾਰਥ ਹੈ। ਇਸ ਨਾਲ ਹੀ ਮਨੁੱਖ ਹੀ ਸਭ ਲੀਲਾ ਹੈ, ਇਹ ਨਹੀਂ ਤਾਂ ਮਨੁੱਖ ਦੀ ਹਸਤੀ ਨਹੀਂ। ਇਹ ਸਚਾਈ ਵੀ ਦੇਵ ਆਤਮਾ ਨੇ ਪਹਿਲੀ ਵੇਰ ਪਰਗਟ ਕੀਤੀ ਹੈ। ਮਨੁੱਖ ਪਰਮਾਤਮਾ ਨੂੰ ਹੀ ਸਤਿ ਮੰਨਦੇ ਰਹੇ ਹਨ ਅਤੇ ਹੁਨ ਮੰਨਦੇ ਹਨ, ਬਾਕੀ ਸਭ ਸੁਪਣ ਜਾਂ ਵਹਿਮ ਜਾਂ ਮਿਥਿਆ ਹੈ, ਇਹ ਮਨਦੇ ਹਨ।

ਦੇਵ ਆਤਮਾ ਨੇ ਮਨੁੱਖ ਸਰੀਰ ਦੇ ਵਾਂਗ ਆਤਮਾ ਦੀ ਵੀ ਗਠਨ ਤੇ ਬਨਾਵਟ ਦੱਸੀ ਹੈ। ਗੁਰੂ ਮਹਾਰਾਜ ਨੇ ਫਰਮਾਇਆ ਹੈ :-

"ਜਿਵੇਂ ਮਨੁੱਖ ਦਾ ਸਰੀਰ ਵਖ ਵਖ ਪ੍ਰਕਾਰ ਦੇ ਅੰਗਾਂ ਨੂੰ ਪ੍ਰਾਪਤ ਹੋ ਕੇ ਇਕ ਗਠਨ ਪ੍ਰਾਪਤ (Origised) ਸਰੀਰ ਬਣ ਗਿਆ ਹੈ, ਉਵੇਂ ਹੀ ਉਸਦਾ ਆਤਮਾ ਵੀ ਵਖ ਵਖ ਪ੍ਰਕਾਰ ਦੀਆਂ ਸ਼ਕਤੀਆਂ ਨੂੰ ਪ੍ਰਾਪਤ ਹੋ ਕੇ, ਇਕ ਖਾਸ ਸੀਮਾ ਤਕ ਗਠਨ ਪ੍ਰਾਪਤ (organised) ਅਸਤਿੱਤ ਬਣ ਗਿਆ ਹੈ।"

ਇਹ ਗਠਨ ਸਰੀਰ ਵਾਂਗ ਨੇਚਰ ਦੇ ਪਰਿਵਰਤਨ ਦੇ ਨੇਮ ਤਹਿਤ ਹੈ। ਆਤਮਾ ਨਿਰਲੇਪ ਨਹੀਂ, ਬਦਲਦਾ ਹੈ। ਬਦਲ ਕੇ ਉੱਚ, ਭਲਾ ਜਾਂ ਸ਼੍ਰੇਸ਼ਟ ਸੁੰਦਰ ਤੇ ਚਿਰਜੀਵੀ ਬਣਦਾ ਹੈ, ਜਾਂ ਨੀਚ, ਬੁਰਾ, ਅਸ਼੍ਰੇਸਠ, ਕੁਤਸਿਤ ਤੇ ਨਾਸ਼ ਨੂੰ ਪ੍ਰਾਪਤ ਹੁੰਦਾ ਹੈ।

ਦੇਵ ਆਤਮਾ ਨੇ ਦੱਸਿਆ ਹੈ ਕਿ ਆਤਮ-ਗਿਆਨ ਤੇ ਆਤਮ ਬੋਧ ਤੋਂ ਵੱਧ ਕੇ ਹੋਰ ਕੋਈ ਗਿਆਨ ਜਾਂ ਵਿਦਿਆ ਨਹੀਂ। ਆਤਮਾ ਦੇ ਬਚਾਉਣ, ਆਤਮਾ ਦੇ ਕਲਿਆਣ, ਆਤਮਾ ਦੀ ਰਖਿਆ ਤੇ ਵਿਕਾਸ ਤੋਂ ਵੱਧ ਕੇ ਹੋਰ ਕੋਈ, ਭਲਾ ਉੱਚ ਜਾਂ ਸ਼ੁਭ ਕਾਰਜ ਨਹੀਂ। ਇਸ ਤੋਂ ਉੱਚ ਜਾਂ ਮਹਾਨ ਕੋਈ ਹੋਰ ਮਨੁੱਖ ਦਾ ਜੀਵਨ ਲਖਸ਼ ਨਹੀਂ। ਸੋ ਹਰ ਸੋਚਵਾਨ ਮਨੁੱਖ ਲਈ ਆਤਮਾ ਸਬੰਧੀ ਸੋਝੀ ਤੇ ਗਿਆਨ, ਆਤਮਾ ਸਬੰਧੀ ਸਤਿ ਬੋਧ ਤੇ ਵਿਵੇਕ ਦੀ ਪ੍ਰਾਪਤੀ ਨਾਲੋਂ ਮਹਾਨ ਤੇ ਜਰੂਰੀ ਹੋਰ ਕੋਈ ਵੀ ਕੰਮ ਜਾਂ ਕਾਰਜ ਨਹੀਂ।

ਹੁਨ ਅਸੀਂ ਫੇਰ ਪਹਿਲੇ ਸਵਾਲ ਤੇ ਆਉਂਦੇ ਹਾਂ ਕਿ ਆਤਮਾ ਕੀ ਹੈ? ਆਤਮਾ ਇੱਕ ਸ਼ਕਤੀ ਹੈ, ਆਤਮਾ ਇਕ ਜਿੰਦਾ ਸ਼ਕਤੀ ਹੈ, ਆਤਮਾ ਮਨੁੱਖ ਦੀ ਆਪਣੀ ਜੀਵਨੀ ਸ਼ਕਤੀ ਹੈ, ਉਸ ਦੀ life force ਹੈ। ਇਹ ਲਾਈਫ ਫੋਰਸ ਜਾਂ ਜੀਵਨੀ ਸ਼ਕਤੀ ਪੌਦਿਆਂ ਵਿੱਚ ਵੀ ਹੈ। ਪਸ਼ੂਆਂ ਵਿੱਚ ਵੀ ਹੈ, ਤੇ ਉਹੀ ਵਿਕਸਤ ਹੋ ਕੇ, ਹੋਰ ਜੋਗਤਾਵਾਂ ਤੇ ਕਸ਼ਮਤਾ ਵਿੱਚ ਵਿਕਸਤ ਹੋਈ ਹੈ।

ਸ਼ਕਤੀ ਦਾ ਕੋਈ ਸਥੂਲ ਸਰੂਪ ਨਹੀਂ ਹੁੰਦਾ ਉਹ ਸਥੂਲ ਅਖਾਂ ਨਾਲ ਵੇਖੀ ਨਹੀਂ ਜਾ ਸਕਦੀ। ਉਸਦੀ ਸਮਝ, ਜਾਂ ਉਸਦਾ ਗਿਆਨ ਉਸ ਦੇ ਕਾਰਜ ਦੁਆਰਾ ਹੀ ਹੋ ਸਕਦਾ ਹੈ ਅਤੇ ਹੁਦਾ।

ਮਨੁੱਖੀ ਆਤਮਾ ਵੀ ਇਕ ਖਾਸ ਜਾਂ ਵਿਸ਼ੇਸ਼

ਬਣਤਰ ਜਾਂ ਗਠਨ constitution ਰਖਦੀ ਹੈ। ਇਸ ਦੀ ਬਨਾਵਟ ਵੱਖ ਵੱਖ ਸ਼ਕਤੀਆਂ ਨੂੰ ਲੈ ਕੇ ਬਣੀ ਹੋਈ ਹੈ। ਇਸ ਦੀ ਗਠਨ ਸਥੂਲ ਨਹੀਂ, ਸ਼ਕਤੀ-ਮਯ ਹੈ। ਹੁਨ ਅਸੀਂ ਇਹ ਦੇਖਣ ਦਾ ਜਤਨ ਕਰਦੇ ਹਾਂ ਕਿ ਆਤਮਾਂ ਦੀ ਗਠਨ ਜਾਂ ਬਣਤਰ ਕਿਨ੍ਹਾਂ ਸ਼ਕਤੀਆਂ ਨੂੰ ਲੈ ਕੇ ਬਣੀ ਹੋਈ ਹੈ, ਜੋ ਦੇਵ ਆਤਮਾ ਨੇ ਦਰਸ਼ਾਈ ਹੈ।

1. ਪਹਿਲੀ ਮੁੱਖ ਤੇ ਮੂਲ ਆਤਮਾ ਦੀ ਸ਼ਕਤੀ ਉਹ ਹੈ ਜਿਸ ਨੂੰ ਸਰੀਰ ਨਿਰਮਾਣਕਾਰੀ ਸ਼ਕਤੀ ਕਿਹਾ ਜਾਂਦਾ ਹੈ। ਮਾਤਾ ਦੇ ਗਰਭ ਵਿੱਚ ਜਦੋਂ ਪਿਤਾ ਦੇ ਕਰੋੜਾਂ ਕਿਰਮਾਂ ਵਿੱਚੋਂ ਇਕ ਕਿਰਮ ਮਾਤਾ ਦੇ ਅੰਡਸ ਨਾਲ ਕੁਦਰਤੀ ਖਿੱਚ ਦੁਆਰਾ ਮਿਲਦਾ ਹੈ, ਤਾਂ ਉਹ ਦੋਜ਼ਿੰਦਾ ਸੈਲ ਮਿਲ ਕੇ ਇਕ ਨਵਾਂ ਜਿੰਦਾ ਸੈਲ ਬਣ ਜਾਂਦਾ ਹੈ, ਅਤੇ ਉਨ੍ਹਾਂ ਦੋਵਾਂ ਦੀਆਂ ਜਾਨਾਂ ਮਿਲ ਕੇ ਇਕ ਨਵੀਂ ਜਾਨ ਬਣ ਜਾਂਦੀ ਹੈ। ਇਸ ਨਵੀਂ ਜਾਨ ਵਿੱਚ ਇਕ ਨਵੀਂ ਕਰਾਮਾਤੀ ਸ਼ਕਤੀ ਆ ਜਾਂਦੀ ਹੈ। ਜਿਸ ਨੂੰ ਸਰੀਰ ਨਿਰਮਾਨ ਕਾਰੀ ਸ਼ਕਤੀ ਕਹਿੰਦੇ ਹਨ। ਉਹ ਸ਼ਕਤੀ ਮਾਤਾ ਦੇ ਖ਼ੂੰਨ ਦੀ ਪ੍ਰਨਾਲੀ ਨਾਲ ਜੁੜ ਕੇ ਇਕ ਇਕ ਸੈਲ ਬਣਾ ਬਣਾ ਕੇ ਸ਼ਿਸ਼ੂ ਸਰੀਰ ਨੂੰ ਬਨਣ ਦਾ ਕਾਰਜ ਕਰਦੀ ਹੈ। ਇਹੋ ਨਵੀਂ ਸ਼ਕਤੀ ਮਨੁੱਖ ਦੀ ਨੰਨੀ ਆਤਮਾ ਹੈ, ਜੋ ਸਰੀਰ ਦੇ ਨਾਲ ਨਾਲ ਆਪ ਵੀ ਵਿਕਸਤ ਹੁੰਦੀ ਹੈ।

(i) ਇਸੇ ਸਰੀਰ-ਨਿਰਮਾਣ ਕਾਰੀ ਸ਼ਕਤੀ ਨਾਲ

(ii) ਸਰੀਰ ਦੀ ਰਖਿਆ ਪਾਲਨਾ ਕਰਨ ਦੀ ਸ਼ਕਤੀ, ਅਤੇ

(iii) ਸਰੀਰ ਉਤੇ ਸ਼ਾਸਨ-ਕਰਨ ਦੀ ਜਾਂ ਸਰੀਰ ਪ੍ਰੀਚਾਲਕ ਸ਼ਕਤੀ ਅਤੇ

(iv) ਸਰੀਰ ਨੂੰ ਜੀਵਤ ਰਖਣ ਵਾਲੀਆਂ ਸ਼ਕਤੀਆਂ ਜੁੜੀਆਂ ਹੋਈਆਂ ਹਨ।

2. ਆਤਮਾ ਦੀ ਬਣਤਰ ਵਿੱਚ ਦੂਜੇ ਪ੍ਰਕਾਰ ਦੀਆਂ ਸ਼ਕਤੀਆਂ ਨਾਨਾਂ ਪ੍ਰਕਾਰ ਦੀਆਂ ਗਿਆਨ ਦਾਈਨੀ ਮਾਨਸਕ ਸ਼ਕਤੀਆਂ ਹਨ।

(i) ਇਨ੍ਹਾਂ ਵਿੱਚ ਆਰੰਭਕ ਬੋਧ ਸ਼ਕਤੀਆਂ, ਦੇਖਣਾ, ਸੁਨਣਾ, ਸੁੰਗਣਾ, ਸਪਰਸ਼ ਸ਼ਕਤੀਆਂ ਆਦਿ।

(ii) ਮੈਂ, ਮੇਰਾ ਮੈਨੂ ਸਬੰਧੀ, ਪਰ ਤੇ ਉਸਦਾ ਸਬੰਧੀ ਸ਼ਕਤੀਆਂ,

(iii) ਧਿਆਨ, ਸਿਮਰਣ, ਤਰਕ, ਵਿਚਾਰ ਆਦਿ ਸਬੰਧੀ ਸ਼ਕਤੀਆਂ

(iv) ਆਕਾਰਾ, ਸ਼ਬਦਾਂ, ਸੁਰਾਂ, ਗਣਨਾਂ ਕੜੇ ਪਦਾਰਥਾਂ, ਬੇ ਜਾਨ ਸ਼ਕਤੀਆਂ ਅਤੇ ਜਾਨਦਾਰ ਸ਼ਕਤੀਆਂ ਸਬੰਧੀ ਗਿਆਨ ਦਾਇਨੀ ਮਾਨਸਕ ਸ਼ਕਤੀਆਂ ਸ਼ਾਮਲ ਹਨ।

3. ਤੀਜੇ ਪ੍ਰਕਾਰ ਦੀਆਂ ਸ਼ਕਤੀਆਂ ਜੋ ਆਤਮਾ ਦੀ ਗਠਨ ਵਿਚ ਸ਼ਾਮਲ ਹਨ, ਉਹ ਹਨ ਸੁਖ ਦੁਖ ਦੇਣ ਵਾਲੀਆਂ ਵਖ ਵਖ ਪ੍ਰਕਾਰ ਦੀਆਂ ਭਾਵ ਸ਼ਕਤੀਆਂ।

4. ਵਖ ਵਖ ਸੁਖਾਂ ਪ੍ਰਤੀ ਇਸ਼ਕ ਅਤੇ ਵਖ ਵਖ ਦੁਖਾਂ ਪ੍ਰਤੀ ਘ੍ਰਿਨਾਂ ਦੀਆਂ ਭਾਵ ਜਾਂ ਅਨੁਰਾਗ ਸ਼ਕਤੀਆਂ।

ਉਪ੍ਰੋਕਤ ਚਾਰਾਂ ਪ੍ਰਕਾਰ ਦੀਆਂ ਸ਼ਕਤੀਆਂ ਦਾ ਸਮੂਹ ਮਨੁਖੀ ਆਤਮਾ ਨੂੰ ਦਰਸਾਉਂਦਾ ਹੈ। ਇਨ੍ਹਾਂ ਸਕਤੀਆਂ ਨਾਲ ਹੀ ਆਤਮਾ ਦੀ ਗਠਨ, ਇਕ ਸੀਮਾ ਤਕ ਬਣੀ ਹੋਈ ਹੈ।

ਸੋ ਮਨੁੱਖ ਆਤਮਾ ਸ਼ਕਤੀ ਮਯ ਹੈ, ਗਠਨ ਪ੍ਰਾਪਤ ਹੈ, ਜਿੰਦਾ ਅਸਤਿੱਤ ਹੈ, ਜੋ ਮਨੁੱਖ ਦੇ ਸਰੀਰ ਦੇ ਰੋਮ ਰੋਮ ਵਿੱਚ ਬਾਸ ਕਰਦਾ ਹੈ।

ਇਸ ਲਈ ਗੁਰੂ ਮਹਾਰਾਜ ਨੇ ਫਰਮਾਇਆ ਹੈ :- ਕਿ

"ਕਈ ਪ੍ਰਕਾਰ ਦੀਆਂ ਸ਼ਕਤੀਆਂ ਦੇ ਨਾਲ ਵਸ਼ਿਸ਼ਟ, ਜੋ ਸ਼ਕਤੀ ਮਯ ਜੀਵਤ ਅਸਤਿੱਤ, ਮਨੁੱਖ ਦੇ ਸਰੀਰ ਵਿੱਚ ਬਾਸ ਕਰਦਾ ਹੈ, ਉਸੇ ਨੂੰ ਮਨੁੱਖ ਦਾ ਆਤਮਾ ਕਹਿੰਦੇ ਹਨ" ਅਸਲ ਵਿੱਚ ਇਹ ਅਸਤਿੱਤ ਹੀ, ਸਤਿ, ਸਾਰ ਮੁਖ ਤੇ ਅਸਲ ਵਸਤੂ ਹੈ। ਅਸੀਂ ਇਹੋ ਅਸਤਿੱਤ ਹਾਂ, ਸਰੀਰ ਸਾਡੇ ਬਾਸ ਦਾ ਸਥਾਨ

ਹੈ। ਏਸ ਅਸਲ, ਸਤਿ ਸਾਰ ਅਤੇ ਮੁਖ ਅਸਤਿੱਤ ਨੂੰ ਲੈ ਕੇ ਹੀ ਸਾਡੇ ਜੀਵਨ ਦੀ ਸਾਰੀ ਲੀਲਾ ਹੈ, ਇਸ ਤੋਂ ਛੁੱਟ ਅਸੀਂ ਕੁਝ ਵੀ ਨਹੀਂ। ਇਸ ਲਈ ਇਸ ਮੁੱਖ ਤੇ ਸਾਰ ਵਸਤੂ ਨੂੰ ਜਾਨਣਾ, ਇਸ ਦਾ ਬੋਧ ਪਾਉਣਾ, ਇਸ ਦੀ ਰਖਿਆ ਕਰਨਾ, ਅਤੇ ਇਸ ਦਾ ਵਿਕਾਸ ਕਰਨਾ, ਹਰ ਹੋਸ਼ਮੰਦ ਮਨੁਖ ਦਾ ਮੁੱਖ ਕਰਤਵ ਹੈ। ਇਸ ਨੂੰ ਵਿਸਾਰ ਨਾ ਆਪਣੀ ਹੀ ਹੋਂਦ ਨੂੰ ਵਿਸਾਰਨਾ ਤੇ ਬਰਬਾਦ ਕਰਨਾ ਹੈ।

ਗੁਰੂ ਦੇਵ ਆਤਮਾ ਸਾਡੀ, ਆਤਮਾ ਦੇ ਵਾਸਤਵਿਕ ਸਰੂਪ ਨੂੰ ਉਪ੍ਰੋਕਤ ਯਕਤਾ ਰੂਪ ਵਿੱਚ ਦਰਸਾਉਂਦੇ ਹਨ, ਅਤੇ ਇਸ ਦੀ ਰਖਿਆ ਅਤੇ ਵਿਕਾਸ ਵਿੱਚ ਅਦੁਤੀ ਤੌਰ ਤੇ ਸਹਾਇਕ ਹੋਣ ਦੇ ਲਈ ਪੂਰਨ ਸਕਸ਼ਮ ਹਨ।

ਉਨ੍ਹਾਂ ਤੋਂ ਪਹਿਲੋਂ ਕੋਈ ਵੀ ਗੁਰੂ ਪੀਰ ਪੈਗੰਬਰ ਜਾਂ ਦੇਵੀ ਦੇਵਤਾ ਇਸ ਪ੍ਰਕਾਰ ਵਿਗਿਆਨਕ ਢੰਗ ਨਾਲ ਮਨੁੱਖ ਆਤਮਾ ਦੇ ਸਰੂਪ ਨੂੰ ਸਪਸ਼ਟ ਨਹੀਂ ਕਰ ਸਕਿਆਂ। ਆਤਮਾ ਦੇ ਸਤਿ ਸਰੂਪ ਨੂੰ ਦੇਖਣ ਤੇ ਜਾਨਣ ਲਈ ਮਨੁੱਖ ਦੇਵ ਆਤਮਾ ਦੀ ਅਦੁਤੀ ਜੋਤੀ ਦਾ ਮਹੁਤਾਜ ਹੈ।

ਚੰਡੀਗੜ੍ਹ ਵਿਖੇ ਮਾਤਾ ਪਿਤਾ ਸਬੰਧੀ ਸਭਾ

30 ਜਨਵਰੀ 2005 ਨੂੰ ਚੰਡੀਗੜ੍ਹ ਵਿਖੇ ਮਾਤਾ ਪਿਤਾ ਸਬੰਧੀ ਵਿਸ਼ੇਸ਼ ਸਾਧਣ ਦੀ ਸਭਾ 3104, ਸੈਕਟਰ 35, ਡਾ. ਵਿਨੋਧ ਜੀ ਖੇੜਾ ਦੇ ਗ੍ਰਿਹ ਵਿਖੇ ਕੀਤੀ ਗਈ। ਇਹ ਸਭਾ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਇਸ ਵਿੱਚ ਲੋਕਲ ਸੇਵਕ ਸੇਵਕਾਂ ਤੋਂ ਛੁੱਟ ਡਾ. ਖੇੜਾ ਜੀ ਦੇ ਸਟਾਫ ਦੇ 6/7 ਜਨ ਪ੍ਰੋਫੈਸਰ ਸਾਹਿਬਾਣ, ਮੁਹਾਲੀ ਤੋਂ ਸ੍ਰੀ ਇੰਦਰ ਭੂਸ਼ਣ ਜੀ ਭੰਡਾਰੀ ਐਡਟੋਕੇਟ ਆ ਕੇ ਸ਼ਾਮਲ ਹੋਏ। ਇਸ ਪ੍ਰਕਾਰ 25-30 ਦੀ ਹਾਜਰੀ ਹੋ ਗਈ ਸੀ। ਪਹਿਲੇ ਭਜਨ ਦੇ ਪਿੱਛੋਂ ਦੇਵ ਸਤੋਤਰ ਦਾ ਗਾਣ ਤੇ ਵਿਆਖਿਆ ਕੀਤੀ ਗਈ। ਸਭਾ ਪਤੀ ਜੀ ਨੇ ਸਭਾ ਦੀ ਸੁਫਲਤਾ ਲਈ ਪ੍ਰਾਰਥਨਾ ਕੀਤੀ। ਫੇਰ ਜਗਦੀਸ਼ ਜੀ ਨੇ ਬਹੁਤ ਹੀ ਚੰਗੇ ਭਾਵਾਂ ਲਾਲ 'ਸ਼ਰਧਾ ਭਾਜਣ ਮਾਤ ਪਿਤਾ ਜੀ ਵਾਲਾ' ਗੀਤ ਗਾਇਆ।

ਸਭਾਪਤੀ ਜੀ ਨੇ ਦੱਸਿਆ ਕਿ ਭਾਵੇਂ ਮਨੁੱਖ ਨੇ ਆਪਣੇ ਗਿਆਨ ਵਿਗਿਆਣ ਤੇ ਟੈਕਨਾਲੋਜੀ ਦੁਆਰਾ ਅਥਾਹ ਤਰੱਕੀ ਕੀਤੀ ਹੈ, ਹਰ ਰੋਜ ਅੱਗੇ ਵੱਧ ਰਿਹਾ ਹੈ, ਇਸ ਦੇ ਬਾਵਜੂਦ ਮਨੁੱਖ ਨੇ ਅਜੇ ਸਬੰਧਾਂ ਵਿੱਚ ਜਿਊਨਾ ਨਹੀਂ ਸਿਖਿਆ। ਨਾ ਸਬੰਧਾਂ ਵਿੱਚ ਜਿਊਣ ਦੀ ਜਾਂਚ ਸਿੱਖਣ ਦੀ ਮਨੁੱਖ ਨੂੰ ਲੋੜ ਹੀ ਮਹਿਸੂਸ ਹੁੰਦੀ ਹੈ, ਅਤੇ ਨ ਹੀ ਕੋਈ, ਕਾਲਜ ਯੂਨੀਵਰਸਟੀ ਜਾਂ ਧਰਮ ਇਸ ਸਬੰਧੀ ਕੋਈ ਸਿਖਿਆ ਦਿੰਦਾ ਹੈ।

ਮਨੁੱਖ ਪਸ਼ੂਆਂ ਤੋਂ ਆਇਆ ਹੈ। ਪਸ਼ੂਆਂ ਨੂੰ ਜਿਵੇਂ ਆਪਣੇ ਸਬੰਧਾਂ ਪ੍ਰਤੀ ਕੋਈ ਜਾਗ੍ਰਤੀ ਨਹੀਂ ਅਤੇ ਨ ਹੀਂ ਉਹ ਅਧਿਕਾਂਸ ਰੂਪ ਵਿੱਚ ਆਪਣੇ ਵਖ ਵਖ ਸਬੰਧੀਆਂ ਨਾਲ ਕੋਈ ਸਬੰਧ ਮਹਿਸੂਸ ਕਰਦੇ ਹਨ। ਮਨੁੱਖ ਦਾ ਵੀ ਲੱਗਭਗ ਪਸ਼ੂਆਂ ਵਾਲਾ ਹਾਲ ਹੀ ਹੈ। ਉਹ ਵੀ ਆਪਣੇ ਸਬੰਧਾਂ ਪ੍ਰਤੀ ਖਾਸ ਜਾਗ੍ਰਤੀ ਤੇ ਜਿਮੇਵਾਰੀ ਮਹਿਸੂਸ ਨਹੀਂ ਕਰਦੇ। ਜੰਗਲ ਵਿੱਚ ਜਿੱਥੇ ਪਸ਼ੂ ਪੰਖੀ ਸਭ ਆਜਾਦ ਹਨ, ਉਥੇ ਜੰਗਲ ਦਾ ਕਾਨੂੰਨ ਕੰਮ ਕਰਦਾ ਹੈ। 'Take what you can kill whom you can'. ਇਹ ਕਿਉਂ ਹੈ? ਇਹ ਇਸ ਲਈ ਕਿ ਹਰ ਪਸ਼ੂ ਅੰਦਰ ਆਪਣੀ ਭੁੱਖ ਦਾ ਅਹਿਸਾਸ ਹੈ, ਉਹ ਉਸ ਨੂੰ ਨਿਵਾਰਨ ਕਰਦਾ ਹੈ, ਭਾਵਾਂ ਉਸ ਲਈ ਆਪਣੇ ਤੋਂ ਛੋਟੇ ਤੇ ਕਮਜੋਰ ਪਸ਼ੂਆਂ ਨੂੰ ਹੀ ਖਾਣਾ ਪਏ। ਇਹ ਅਤੀ ਗਹਿਰੀ ਸਵਾਰਥ ਬਿਰਤੀ ਹੈ। ਇਹੋ ਬਿਰਤੀ ਮਨੁੱਖ ਅੰਦਰ ਆ ਗਈ ਹੈ। ਏਸੇ ਕਾਰਨ ਪਸ਼ੂਆਂ ਵਾਂਗ, ਮਨੁੱਖ ਦੇ ਸਬੰਧਾਂ ਵਿੱਚ ਵੀ ਅਨਾਰਕੀ ਹੈ।

ਸਵਾਰਥ ਨੇ ਮਨੁੱਖ ਦਾ ਹੋਰ ਗਿਆਨ ਤਾਂ ਬੇ ਹਦ ਵਧਾ ਦਿੱਤਾ ਐਪਰ ਉਸ ਨੂੰ ਅਜੇ ਚਾਰ ਪਖਾਂ ਵਿੱਚ ਕੋਈ ਗਿਆਨ ਨਹੀਂ ਤੇ ਨ ਹੀ ਕੋਈ ਗਿਆਨ ਪਾਉਣ ਦੀ ਇੱਛਾ ਹੀ ਜੋਰਦਾਰ ਹੈ। ਉਹ ਅਜੇ ਤਕ ਚਾਰ ਪੱਖਾਂ ਵਿੱਚ, ਆਪਣੇ ਸਮੁੰਦਰਾਂ ਜੇਡ ਵਿਸ਼ਾਲ ਗਿਆਨ ਦੇ ਬਾਵਜੂਦ, ਅੰਨ੍ਹਾਂ ਹੈ। (i) ਉਹ ਦੂਜਿਆਂ ਦੇ ਗੁਣ, ਖੂਬੀਆਂ ਤੇ ਮਹਾਣਤਾ ਦੇਖਣ ਦੇ ਵਿਚਾਰ ਨਾਲ ਅਜੇ ਤਕ ਬਹੁਤ ਕੁਝ ਅੰਨਾ ਹੈ। (ii) ਉਹ ਆਪਣੇ ਉਪਕਾਰੀਆਂ ਤੇ ਉਨ੍ਹਾਂ ਦੇ ਉਪਕਾਰਾਂ ਨੂੰ ਦੇਖਣ ਦੇ ਵਿਚਾਰ ਵਿੱਚ ਬਹੁਤ ਕੁਝ ਅੰਨਾਂ ਹੈ। (iii) ਉਹ ਪਰ, ਦੁਖ, ਪਰ ਪੀੜਾ, ਪਰ ਅਭਾਵ, ਪਰ ਹੱਕ, ਪਰ ਸੁਖ ਸ਼ਾਂਤੀ ਤੇ ਆਰਾਮ ਆਦਿ ਨੂੰ ਦੇਖਣ ਦੇ ਲਿਹਾਜ ਨਾਲ ਲਗੱਭਗ ਅੰਨਾ ਹੈ। (iv) ਸਭ ਤੋਂ ਵਧੇਰੇ ਮਨੁੱਖ ਆਪਣੀ ਨੀਚਤਾ, ਆਪਣੇ ਔਗਣ, ਆਪਣੇ ਭੈੜੇ ਸਭਾ ਪ੍ਰਤੀ ਅੰਨਾ ਹੈ। ਇਹ ਉਪ੍ਰੋਕਤ ਅੰਨਾ ਪਣ ਮਨੁੱਖ ਨੂੰ, ਉਸਦੇ ਅਤਿ ਡੂੰਗੇ ਸਵਾਰਥ ਕਾਰਨ, ਆਪਣੇ ਸਬੰਧੀਆਂ ਪ੍ਰਤੀ ਜਾਗਰਤ ਹੋਣ ਨਹੀਂ ਦਿੰਦਾ। ਮੈਂ ਹਾਂ, ਇਹ ਮਨੁੱਖ ਖੂਬ ਜਾਣਦਾ ਹੈ, ਐਪਰ ਹੋਰ ਵੀ ਹਨ, ਇਸ ਦਾ ਉਸ ਨੂੰ ਅਹਿਸਾਸ ਹੀ ਨਹੀਂ। ਇਹ ਕਾਰਨ ਹੈ ਕਿ ਮਨੁੱਖ ਸਬੰਧਾਂ ਵਿੱਚ ਅਜੇ ਜੰਗਲੀ ਹੀ ਹੈ।

ਆਪਣਾ ਸਵਾਰਥ ਰਖ ਕੇ ਕੋਈ ਸਬੰਧ ਠੀਕ ਨਹੀਂ ਰਹਿ ਸੱਕਦਾ। ਮੇਰਾ ਤਨ, ਮੇਰੀ ਤਨਖਾਹ, ਮੇਰੇ ਪੈਸੇ, ਮੇਰੇ ਕਪੜੇ, ਮੇਰਾ ਕਮਰਾ ਮੇਰੇ ਜੇਵਰ, ਮੇਰੇ ਬਰਤਨ, ਮੇਰਾ ਸਾਮਾਨ, ਰੱਖ ਕੇ ਅਤੇ ਉਸ ਨਾਲ ਜੋਂਕ ਵਾਂਗ ਚਿੰਬੜੇ ਰਹਿ ਕੇ, ਅਸੀਂ ਨ ਤਾਂ ਚੰਗੇ ਪੁੱਤ ਧੀ ਬਣ ਸਕਦੇ ਹਾਂ, ਨ ਚੰਗੇ ਭੈਣ ਭਰਾ ਬਣ ਸਕਦੇ ਹਾਂ। ਨ ਚੰਗੇ ਪਤੀ ਪਤਨੀ ਹੀ ਬਣ ਸਕਦੇ ਹਾਂ ਨ ਚੰਗੇ ਪੜੋਸੀ ਬਣ ਸਕਦੇ ਹਾਂ ਤੇ ਨ ਚੰਗੇ ਕੋਈ ਵੀ ਸਬੰਧੀ ਬਣ ਸਕਦੇ ਹਾਂ। ਕੇਵਲ ਆਪਣੇ ਲਈ ਪਸ਼ੂਆਂ ਵਾਂਗ ਜੀਣ ਵਾਲਾ ਕਿਸੇ ਪੱਖ ਵਿੱਚ ਵੀ ਚੰਗਾ ਸਬੰਧੀ ਨਹੀਂ ਬਣ ਸਕਦਾ।

ਸਭਾਪਤੀ ਨੇ ਇਕ ਨੋਜਵਾਨ ਸਜ ਵਿਆਹੀ ਲੜਕੀ ਦੀ ਆਪਣੇ ਪੜੋਸ ਦੀ ਘੱਟਣਾ ਸੁਨਾਈ। ਉਸ ਲੜਕੀ ਦੀ ਨਨਾਣ ਦਾ ਵਿਆਹ ਧਰਿਆ ਹੋਇਆ ਸੀ। ਉਸ ਲੜਕੀ ਦੇ ਪਤੀ ਤੇ ਦੇਵਰ ਦੂਰ ਹੋਰ ਪ੍ਰਾਂਤ ਵਿੱਚ ਠੇਕੇਦਾਰੀ ਕਰਦੇ ਸਨ। ਉਹ ਵਿਆਹ ਤੋਂ ਕੁਝ ਮਹੀਨੇ ਪਹਿਲਾਂ ਘਰ ਕੋਈ ਰਕਮ ਭੇਜ ਨਹੀਂ ਸਨ ਸਕੇ, ਜਿਸ ਕਾਰਨ ਉਸ ਲੜਕੀ ਦੇ ਸੁਸਰ ਤੇ ਸੱਸ, ਫਿਕਰਮੰਦ ਤੇ ਉਦਾਸ ਰਹਿੰਦੇ ਸਨ। ਜਿਉਂ ਜਿਉਂ ਵਿਆਹ ਵਿੱਚ ਦਿਨ ਘੱਟਦੇ ਜਾਂਦੇ ਸੀ ਤਿਉਂ ਤਿਉਂ ਉਨ੍ਹਾਂ ਦਾ, ਫਿਕਰ ਉਦਾਸੀ ਤੇ ਦੁੱਖ ਵੱਧਦਾ ਜਾਂਦਾ ਸੀ। ਸੱਸ ਨਾਲ ਗੱਲ ਕਰਕੇ, ਉਸ ਨੂੰ ਉਨ੍ਹਾਂ ਦੇ ਫਿਕਰ ਦਾ ਕਾਰਨ ਪਤਾ ਲੱਗ ਗਿਆ। ਉਹ ਚੰਦ ਘੰਟਿਆਂ ਦੀ ਰੁਖਸਤ ਲੈਕੇ ਆਪਣੇ ਇਕ ਕਰੀਬੀ ਭਾਈ ਦੇ ਘਰ ਮਿਲਣ ਲਈ ਉਸੇ ਸ਼ਹਿਰ ਵਿੱਚ ਚਲੀ ਗਈ, ਤੇ ਜਾ ਕੇ ਕਿਹਾ ਕਿ ਮੈਨੂੰ ਮਹੀਨੇ ਵੀਹ ਦਿਨਾਂ ਲਈ ਕੁਝ ਰੁਪਏ ਦੀ ਲੋੜ ਹੈ। ਉਨ੍ਹਾਂ ਖੁਸ਼ੀ ਖੁਸ਼ੀ 20/30 ਹਜਾਰ ਉਸ ਲੜਕੀ ਨੂੰ ਫੜਾ ਦਿੱਤਾ। ਉਸ ਆਪਣੇ ਘਰ ਆ ਕੇ ਸਾਰੀ ਰਕਮ ਆਪਣੀ ਸੱਸ ਨੂੰ ਦੇ ਦਿੱਤੀ। ਘਰ ਦਾ ਸਾਰਾ ਫਿਕਰ ਤੇ ਉਦਾਸੀ ਝੱਟ ਚੁਕੀ ਗਈ। ਉਨ੍ਹਾਂ ਵਿਆਹ ਦਾ ਅਤਿ ਜਰੂਰੀ ਸਾਮਾਨ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਲੜਕੀ ਨੇ ਆਪਣੇ ਸਾਰੇ ਜੇਵਰ ਅਤੇ ਸਾਰੇ ਵਰੀ ਦੇ ਅਨਛੂਏ ਕਪੜੇ ਅੱਗੇ ਪੇਸ਼ ਕਰ ਦਿੱਤੇ, ਕਿ ਮੇਰੇ ਲਈ ਫੇਰ ਬਣ ਜਾਨਗੇ ਹੁਨ ਵੇਲ ਸਾਰੋ। ਇਹ ਲੜਕੀ ਦੀ ਬਿਰਤੀ ਦੇਖ ਕੇ ਸੱਸ ਸੌਹਰੇ ਦਾ ਜਿਵੇਂ ਦਿਲ ਸਦਾ ਲਈ ਜਿੱਤਿਆ ਗਿਆ, ਉਸ ਦਾ ਬਿਆਨ ਨਹੀਂ ਹੋ ਸਕਦਾ। ਵਿਆਹ ਹੋ ਗਿਆ, ਉਸ ਜੋਰ ਦੇ ਕੇ ਆਪਣੇ ਗਹਿਣੇ ਤੇ ਤਿਓਰ, ਵਿਆਹ ਵਿੱਚ ਦੇ ਦਿੱਤੇ। ਪੈਸੇ ਆ ਗਏ। ਥੋੜੇ ਸਮੇਂ ਬਾਅਦ ਉਸ ਲਈ ਨਵੇਂ ਜੇਵਰ ਤੇ ਕਪੜੇ ਹੋਰ ਬਣ ਗਏ। ਐਪਰ ਜੋ ਉਸ ਲੜਕੀ ਦੀ ਹੋਂਦ ਨੇ ਘਰ ਵਿੱਚ ਆਪਣੇ ਸਬੰਧਾਂ ਵਿੱਚ ਸਵਰਗ ਪੈਦਾ ਕੀਤਾ ਸੀ, ਉਸ ਦਾ ਕੋਈ ਵੀ ਮੁਲਆਂਕਿਆ ਨਹੀਂ ਜਾਂ ਸਕਦਾ।

ਮਾਤਾ ਪਿਤਾ ਸਾਡੇ ਲਈ ਆਪਾ ਵਾਰਦੇ ਹਾਂ, ਤਾਂ ਅਸੀਂ ਪਲਦੇ ਹਾਂ, ਤੇ ਪੈਰਾ ਤੇ ਖਲੋਂਦੇ ਹਾਂ। ਮਾਂ ਬਾਪ ਦਾ ਬੱਚਿਆਂ ਸਾਹਮਣੇ ਕੋਈ ਸਵਾਰਥ ਨਹੀਂ

ਔਂਦਾ, ਐਪਰ ਮਾਂ ਬਾਪ ਲਈ ਕੰਮ ਆਉਣ ਲਈ ਬੱਚਿਆਂ ਦਾ ਸਵਾਰਥ ਆੜੇ ਆ ਜਾਂਦਾ ਹੈ। ਬੱਚੇ ਮਾਂ ਬਾਪ ਦੀ ਕਦਰ ਹੀ ਗਿਰਾ ਦਿੰਦੇ ਹਨ। ਉਨ੍ਹਾਂ ਦੇ ਉਪਕਾਰ ਭੁਲ ਜਾਂਦੇ ਹਨ, ਧਰਤੀ ਤੇ ਨਰਕ ਉਤਰ ਆਉਂਦਾ ਹੈ, ਜਦ ਜਵਾਣ ਕਮਾਊ, ਆਸੂਦਾ ਹਾਲ ਪੁਤਰਾਂ ਦੇ ਹੁੰਦੇ ਮਾਪੇ Old Homes ਵਿੱਚ ਜਾ ਟਿਕਾਣਾ ਭਾਲਦੇ ਹਨ। ਜਾਂ ਆਪਣੀ ਅੰਤਾਂ ਦੀ ਔਖ ਨੂੰ ਚੀਸ ਵੱਟ ਕੇ ਅੰਦਰ ਅੰਦਰ ਪੀ ਜਾਂਦੇ ਹਨ।

ਗੁਰੂ ਮਹਾਰਾਜ ਨੇ ਦਰਸਾਇਆ ਹੈ, ਕਿ ਧਰਮ ਜਪ ਪਾਠ ਸਿਮਰਨ ਭਜਨ ਦਾ ਨਾਂ ਨਹੀਂ। ਧਰਮ ਸਾਡਾ ਸਬੰਧ ਵਿੱਚ ਵਿਹਾਰ ਹੈ। ਜੇਹਾ ਸਾਡਾ ਵਿਹਾਰ ਤੇ ਸਲੂਕ, ਉਹ ਸਾਡਾ ਧਰਮ। ਜੇ ਸਬੰਧ ਖਰਾਬ ਹਨ ਤਾਂ ਧਰਮ ਨਹੀਂ ਹੈ, ਬੁਰਾ ਜੀਵਨ ਹੈ। ਜੇ ਸਬੰਧ ਮਿਠੇ, ਪਿਆਰ ਭਰੇ ਤੇ ਪਰਸਪਰ ਸੇਵਾਕਾਰੀ ਹਨ ਤਾਂ ਉਥੇ ਧਰਮ ਹੈ। ਬਾਹਰ ਦਾ ਕੋਈ ਵੀ ਆਡੰਬਰ ਧਰਮ ਨਹੀਂ।

ਗੁਰੂ ਮਹਾਰਾਜ ਨੇ ਫਰਮਾਇਆ ਹੈ ਕਿ ਮਨੁੱਖ ਸਭ ਸਬੰਧਾਂ ਵਿੱਚ, ਅਤੇ ਮਾਂ ਬਾਪ ਨਾਲ ਵੀ, ਸਵਾਰਥ ਨਾਲ ਜੁੜਦਾ ਹੈ। ਜਿੰਨਾਂ ਚਿਰ ਸਵਾਰਥ ਪੂਰਾ ਹੁੰਦਾ ਹੈ, ਸਬੰਧ ਰਹਿੰਦਾ ਹੈ। ਸਵਾਰਥ ਪੂਰਤੀ ਹਟੀ, ਸਬੰਧ ਹਟ ਗਿਆ। ਕਈ ਵੇਰ ਤਾਂ ਦੁਸ਼ਮਣੀ ਵਿੱਚ ਬਦਲ ਜਾਂਦਾ ਹੈ। ਸੋ ਸਵਾਰਥ ਦੇ ਸੂਤਰ ਨਾਲ ਜੁੜਨਾ ਸਬੰਧ ਨੂੰ ਨਰਕ ਬਨਾਉਂਦਾ ਹੈ। ਉੱਚ ਭਾਵਾਂ ਨਾਲ ਜੁੜਨਾਂ ਸ਼ਰਧਾ ਸਨਮਾਨ ਨਾਲ ਜੁੜਨਾ, ਸ਼ੁਕਰ ਗੁਜਾਰੀ ਨਾਲ ਜੁੜਨਾਂ ਹਮਦਰਦੀ ਨਾਲ ਸੇਵਾ ਨਾਲ ਜੁੜਾ, ਸਬੰਧਾਂ ਨੂੰ ਸਵਰਗ ਬਣਾ ਦਿੰਦਾ ਹੈ। ਗੁਰੂ ਮਹਾਰਾਜ ਇਹ ਉੱਚ ਭਾਵਾਂ ਦੇ ਸੂਤਰ ਹੀ ਪੈਦਾ ਕਰਕੇ, ਅਧਿਕਾਰੀ ਜਨਾਂ ਦੇ ਜੀਵਨ ਅੰਦਰ ਸਵਰਗ ਪੈਦਾ ਕਰਦੇ ਹਨ। ਸਭਾਪਤੀ ਜੀ ਨੇ ਕੁਝ ਸਵਰਗੀ ਸਬੰਧਾ ਦੇ ਇਸ਼ਾਰੇ ਮਾਤਰ ਉਧਾਰਨ ਦਿੱਤੇ। ਫੇਰ ਹਾਜਰੀਨ ਵਿੱਚੋਂ ਕੁਝ ਜਨ ਬੋਲਣ ਲਗ ਪਏ। ਬੜਾ ਹੀ ਸੁਹਾਵਣਾ ਤੇ ਸਵਰਗੀ ਵਾਤਾਵਰਨ ਬਣ ਰਿਹਾ ਸੀ। ਦੂਜਿਆਂ ਦੇ ਬਿਆਨ ਲਗਭਗ ਇਸ ਪ੍ਰਕਾਰ ਸਨ।

ਸ਼੍ਰੀਮਾਨ ਜਗਦੀਸ਼ ਪ੍ਰਸਾਦ ਜੀ ਐਡਵੋਕੇਟ :- (ਬਹੁਤ ਰੋਂਦੇ ਹੋਏ) ਮੈਂ ਆਪਣੀ ਸ਼ਰਾਬ, ਮਾਂਸਾ ਹਾਰ, ਚੋਰੀ, ਜੂਏ ਆਦਿ ਦੇ ਅਤੀ ਖਰਾਬ ਜੀਵਨ ਨਾਲ ਆਪਣੇ ਮਾਤਾ ਪਿਤਾ ਜੀ ਨੂੰ ਬੇ ਹੱਦ ਸਤਾਇਆ ਹੈ। ਬਹੁਤ ਦੁਖ ਦਿਤਾ ਹੈ, ਬੇਹੱਦ ਕਲਪਾਇਆ ਹੈ, ਜਾਤਨਾਂ ਤੇ ਤਕਲੀਫਾਂ ਦਿੱਤੀਆਂ ਹਨ। ਉਨ੍ਹਾਂ ਦੇ ਹਿਰਦਿਆਂ ਤੇ ਬਜਰਪਾਤ ਕੀਤੇ ਹਨ। ਬੇਹੱਦ ਦੁਖ ਦਿੱਤਾ ਹੈ, ਇਸ ਦਾ ਕੋਈ ਕਫਾਰਾ ਕਰ ਸਕਨਾ ਵੀ ਹੁਨ ਮੇਰੇ ਲਈ ਸੰਭਵ ਨਹੀਂ। ਹੁਨ ਮੈਨੂੰ ਉਨ੍ਹਾਂ ਦੀ ਤਕਲੀਫ ਕਿਉਂ ਸਾਹਮਣੇ ਆਈ? ਉਹ ਇਸ ਲਈ ਕਿ ਹਨ ਮੈਂ ਖੁਦ ਉਸੇ ਸਟੇਜ ਵਿੱਚੋਂ ਲੰਗ ਰਿਹਾ ਹਾਂ। ਉਸੇ ਵਰਗੀ ਪਰਸਥਿਤੀ ਲਾਲ ਘਿਰਿਆ ਹੋਇਆ ਹਾਂ। ਮੇਰੇ ਬੱਚੇ ਅੱਛੇ ਦਿਲ ਦੇ ਮਾਲਕ ਹਨ। ਚੰਗੇ ਭਾਵ ਰਖਦੇ ਹਨ। ਸੰਗਤ ਨਾਲ ਜੁੜਣ ਦੀ ਅਤੇ ਗੁਰੂ ਮਹਾਰਾ ਨਾਲ ਜੁੜਣ ਦੀ ਜੋ ਇਨ੍ਹਾਂ ਅੰਦਰ ਇੱਛਾ ਨਹੀਂ, ਇਸ ਨਾਲ ਮੈਨੂੰ ਬਹੁਤ ਦੁਖ ਹੁੰਦਾ ਹੈ। ਇਸ ਨਾਲ ਮੈਨੂੰ ਆਪਣੇ ਮਾਤਾ ਪਿਤਾ ਜੀ ਦੇ ਦੁਖ ਯਾਦ ਆਉਂਦੇ ਹਨ। ਮੇਰੀ ਕੇਵਲ ਇਹ ਹੀ ਇੱਛਾ ਹੈ, ਕਿ ਉਨ੍ਹਾਂ ਦਾ ਮੂੰਹ ਗੁਰੂ ਜੀ ਵਲ, ਸਤਿਸੰਗ ਵਲ ਹੋ ਜਾਏ। ਹੋਰ ਮੇਰੀ ਕੋਈ ਇੱਛਾ ਨਹੀਂ। ਇਸ ਗਲ ਦੀ ਮੈਨੂੰ ਬੇਹੱਦ ਤਕਲੀਫ ਹੈ, ਉਸ ਦਾ ਬਿਆਨ ਨਹੀਂ ਹੋ ਸਕਦਾ, ਬਚੇ ਜਿਸਮਾਨੀ ਸੁਖਾਂ ਵਿੱਚ ਮਦਦ ਗਾਰ ਹੁੰਦੇ ਹਨ, ਉਨ੍ਹਾਂ ਨੂੰ ਮੇਰੇ ਹਿਰਦੇ ਦਾ ਦੁਖ ਨਜ਼ਰ ਨਹੀਂ ਆਉਂਦਾ। ਕਿਸੇ ਪ੍ਰਕਾਰ ਮੇਰੇ ਬੱਚਿਆਂ ਦਾ ਏਧਰ ਮੂੰਹ ਹੋ ਜਾਵੇ। ਤਾਂ ਜੋ ਉਨ੍ਹਾਂ ਦਾ ਭਲਾ ਹੋ ਜਾਵੇ। ਜੇਕਰ ਮੇਰੇ ਬੱਚੇ ਮੇਰੀ ਇਹ ਤਕਲੀਫ ਦੂਰ ਕਰ ਸਕਨ, ਉਨ੍ਹਾਂ ਦਾ ਧਿਆਨ ਇਸ ਪਾਸੇ ਜਾ ਸਕੇ ਤਾਂ ਹੀ ਮੇਰੀ ਇਹ ਤਕਲੀਫ ਦੂਰ ਹੋ ਸਕਦੀ ਹੈ।

ਇਹ ਬਿਆਨ ਬਹੁਤ ਹੀ ਦਿਲ ਹਿਲਾਉਣ ਵਾਲਾ ਸੀ। ਬੜਾ ਹੀ ਉੱਚ ਮਾਹੌਲ ਬਣ ਰਿਹਾ ਸੀ ਬਹੁਤ ਸਾਰੇ ਜਨ ਪਾਕ ਆਂਸੂ ਬਹਾ ਰਹੇ ਸਨ ਅਤੇ ਗੁਰੂ ਮਹਾਰਾਜ ਦੇ ਹਜੂਰ ਝੁਕ ਰਹੇ ਸਨ।

ਸ਼੍ਰੀ ਇੰਦਰ ਮੋਹਨ ਜੀ ਭੰਡਾਰੀ ਐਡਵੋਕੇਟ :-

ਮੈਨੂੰ ਮਹੋਤਸਵ ਤੋਂ ਅਤੇ ਬਾਅਦ ਵਿੱਚ ਇਨ੍ਹਾਂ ਸਭਾਵਾਂ ਤੋਂ ਬਹੁਤ ਲਾਭ ਹੋਇਆ ਹੈ। ਸੰਸਾਰ ਦੀਆਂ

ਸਭ ਚੀਜਾਂ ਖਰੀਦੀਆਂ ਜਾਂ ਸਕਦੀਆਂ ਹਨ। ਐਪਰ ਮਾਤਾ ਪਿਤਾ ਦਾ ਈਸਾਰ, ਕੁਰਬਾਨੀਆਂ ਤੇ ਪਿਆਰ ਕਿੱਥੇ ਮਿਲ ਸਕਦੇ ਹਨ? ਮਾਤਾ ਜੀ ਸਾਨੂੰ ਬੱਚਿਆਂ ਨੂੰ ਚੰਗਾ ਦੁੱਧ ਪਿਲਾਉਣ ਦਾ ਫਿਕਰ ਰਖਦੀਆਂ ਸਨ। ਇਸ ਲਈ ਖੁਦ ਗਾਂ ਰਖਦੀਆਂ ਸਨ ਤੇ ਉਸ ਦੀ ਸੇਵਾ ਕਰਦੀਆਂ ਸਨ। ਮੈਨੂੰ ਬਚਪਣ ਵਿੱਚ ਕੁੱਤੇ ਨੇ ਕਟ ਖਾਂਦਾ, ਮੇਰੀ ਮਾਤਾ ਨੇ ਮੇਰੇ ਇੰਜਕਸ਼ਨ ਲਵਾ ਕੇ ਮੇਰੀ ਜਾਨ ਬਚਾਈ। ਮੈਂ (ਰੋ ਰੋ ਕੇ, ਚਿੱਲਾ ਚਿੱਲਾ ਕੇ) ਉਨ੍ਹਾਂ ਲਈ ਕੁਝ ਨਹੀਂ ਕੀਤਾ। ਆਖਰੀ ਸਮੇਂ ਕੁਝ ਸੇਵਾ ਦਾ ਮੌਕਾ ਮਿਲਿਆ। ਮੈਨੂੰ ਆਪਣੇ ਪਿਤਾ ਜੀ ਪ੍ਰਤੀ ਦੁਰ ਵਿਵਹਾਰ ਨਜ਼ਰ ਆਉਂਦੇ ਹਨ। ਉਸ ਦਾ ਬੇਹਦ ਦੁੱਖ ਹੋ ਰਿਹਾ ਹੈ। ਮੈਂ ਬਚਪਣ ਵਿੱਚ ਚੋਰੀਆਂ ਕੀਤੀਆਂ। ਮਾਤਾ ਜੀ ਨੂੰ ਪਤਾ ਲਗ ਗਿਆ, ਉਨ੍ਹਾਂ ਨੇ ਮੈਨੂੰ ਮਾਰਿਆ ਨਹੀਂ। ਪਿਆਰ ਲਾਲ ਸਮਝਾਇਆ ਅਤੇ ਮੈਨੂੰ ਚੋਰੀ ਤੋਂ ਬਚਾਇਆ। ਜਵਾਨੀ ਵਿੱਚ ਗਲਤ ਜਾਣ ਤੋਂ ਬਚਾਇਆ। ਬੁਰੀ ਸੰਗਤ ਤੋਂ ਬਚਾਇਆ। ਭਗਵਾਨ ਨੇ ਸਾਡੇ ਪਰਿਵਾਰ ਤੇ ਬਹੁਤ ਵਡੀ ਕਿਰਪਾ ਕੀਤੀ ਹੈ। ਮੈਨੂੰ ਬਚਪਣ ਵਿੱਚ ਮੋਗੇ ਸਤਿਸੰਗ ਵਿੱਚ ਭੇਜਦੇ ਸਨ। ਮੇਰਾ ਭਲਾ ਕਰਦੇ ਸਨ। ਮੈਨੂੰ ਹੁਨ ਫੇਰ ਮਹੋਤਸਵ ਤੋਂ ਬਹੁਤ ਲਾਭ ਹੋਇਆ ਹੈ। ਐਪਰ ਮੈਂ ਨੀਚ ਹਾਂ, ਫੇਰ ਐਧਰ ਉਧਰ ਭੱਜ ਜਾਂਦਾ ਹਾਂ, ਕਿਰਪਾ ਕਰ ਕੇ ਮੇਰੇ ਘਰ ਵਿੱਚ ਸਭਾਵਾਂ ਕਰਾਈਆਂ ਜਾਣ। ਮੈਨੂੰ ਆਪਣੇ ਸਵਾਰਥ ਦਾ ਭਿਆਨਕ ਰੂਪ ਨਜ਼ਰ ਆਇਆ ਹੈ। ਜੋ ਮੈਂ ਮਾਤਾ ਪਿਤਾ ਜੀ ਪ੍ਰਤੀ ਗਲਤੀਆਂ ਕੀਤੀਆਂ ਹਨ, ਉਨ੍ਹਾਂ ਦੇ ਲਈ ਮਾਤਾ ਪਿਤਾ ਜੀ ਤੋਂ ਮੁਆਫੀ ਮੰਗਦਾ ਹਾਂ। ਉਨ੍ਹਾਂ ਦੇ ਪਰਲੋਕ ਵਿੱਚ ਭਲੇ ਦੀ ਕਾਮਨਾ ਕਰਦਾ ਹਾਂ।

ਵਕੀਲ ਸਾਹਿਬ ਦਾ ਬਿਆਨ ਬਹੁਤ ਹੀ ਜੋਰਦਾਰ ਸੀ। ਹਾਜਰੀਨ ਦੇ ਦਿਲ ਤੇ ਗਹਿਰਾ ਅਸਰ ਕਰ ਰਿਹਾ ਸੀ। ਉਨ੍ਹਾਂ ਦਾ ਵੀ ਬਹੁਤ ਹਿੱਤ ਹੋ ਰਿਹਾ ਸੀ।

ਸ਼੍ਰੀਮਾਨ ਮਧੂਸੁਧਨ ਜੀ :- ਮਾਂ ਯਾਦ ਆਤੀ ਰਹੀ ਹੈ। ਬਹੁਤ ਜਾਰੋ ਕਤਾਰ ਰੋਂਦੇ ਹੋਏ। ਪਿਛਲੇ ਸਾਲ, ਮਾਤਾ ਜੀ ਦਾ ਅਰਚਣ ਕਰਕੇ ਮੈਂ ਧੰਨ ਧੰਨ ਹੋ ਗਿਆ ਸੀ। ਅਜ ਸਵੇਰੇ ਮੈਨੂੰ ਕਿਸੇ ਨੇ ਆਪਣੇ ਆਪ ਜਗਾ ਦਿੱਤਾ। ਸਤਿ ਗੁਰੂ ਜੀ ਦੇ ਚਰਨਾਂ ਵਿੱਚ ਨਤਮਸਤਕ ਹੋਇਆ। ਫੇਰ ਮਾਤਾ ਪਿਤਾ ਜੀ ਨੂੰ ਯਾਦ ਕਰਕੇ ਪ੍ਰਣਾਮ ਕੀਤਾ। ਉਨ੍ਹਾਂ ਦੀਆਂ ਮੇਹਰਬਾਨੀਆਂ ਯਾਦ ਆਈਆਂ। ਉਨ੍ਹਾਂ ਲਈ ਝੁਕਦਾ ਰਿਹਾ। ਸਾਰੇ ਪਰਿਵਾਰ ਲਈ ਸ਼ੁਭ ਕਾਮਨਾ ਕੀਤੀ। ਏਥੇ ਆ ਕੇ ਫੁਲਾਂ ਦੇ ਹਾਰ ਦੇਖਕੇ (ਜਾਰ ਜਾਰ ਹੋਂਦੇ ਹੋਏ) ਕਿ ਅਜ ਮਾਤਾ ਪਿਤਾਦੇ ਅਰਚਣ ਦਾ ਦਿਨ ਹੈ, ਯਾਦ ਕਰਕੇ ਬਹੁਤ ਦੇਰ ਤਕ ਰੋਂਦਾ ਰਿਹਾ ਹਾਂ। ਮੇਰੀ ਮਾਤਾ ਜੀ ਪਿੰਡ ਬਿਹਾਰ ਵਿੱਚ ਹਨ। ਮੇਰੇ ਚਾਚਾ ਜੀ ਦੇ ਪੁੱਤਰ ਉਨ੍ਹਾਂ ਦੀ ਸੇਵਾ ਕਰਦੇ ਹਨ, ਮੈਂ ਨਹੀਂ ਕਰ ਰਿਹਾ। ਚਾਚੀ ਜੀ ਉਨ੍ਹਾਂ ਦੀ ਸੇਵਾ ਕਰਦੀਆਂ ਹਨ। ਮਾਂ ਦੀ ਬੇਹੱਦ ਯਾਦ ਆਈ। ਮੈਂ ਆਪਣੇ ਆਪ ਨੂੰ ਬਹੁਤ ਅਯੋਗ ਅਤੇ ਅਸਹਾਏ ਮਹਿਸੂਸ ਕਰਦਾ ਹਾਂ। ਬਹੁਤ ਹੀ ਦੁਖੀ ਹਾਂ।

ਇਹ ਬਹੁਤ ਹੀ ਪ੍ਰਭਾਵਸ਼ਾਲੀ ਭਾਵ ਪ੍ਰਕਾਸ਼ ਸਨ। ਇਨ੍ਹਾਂ ਨਾਲ ਬਹੁਤ ਹੀ ਸਵਰਗੀ ਮੰਡਲ ਬਣ ਰਿਹਾ ਸੀ। ਗੁਰੂ ਮਹਾਰਾਜ ਦੇ ਪਾਕ ਅਸਰ ਸਾਰੇ ਕਰੇ ਵਿੱਚ ਭਰ ਰਹੇ ਸਨ। ਹਾਜਰੀਨ ਦੇ ਸੁਭਾਗ ਮਹਿਸੂਸ ਹੋ ਰਹੇ ਸਨ।

ਇਸ ਤੋਂ ਪਿੱਛੋ ਡਾ. ਵਿਨੋਧ ਜੀ ਖੇੜਾ ਤੇ ਪ੍ਰਿੰਸੀਪਲ ਸ਼ਸ਼ੀ ਜੀ ਨੇ ਆਪਣੀ ਸ਼ਰਧੇ ਮਾਤਾ ਜੀ ਦਾ ਅਰਚਣ ਕਰਕੇ ਪ੍ਰਣਾਮ ਕੀਤਾ, ਫੇਰ ਜਗਦੀਸ਼ ਜੀ ਦੇ ਬੱਚਿਆਂ ਨੇ ਆਪਣੇ ਮਾਤਾ ਪਿਤਾ ਜੀ ਦਾ ਅਰਚਣ ਕਰਕੇ ਪ੍ਰਣਾਮ ਕੀਤਾ। ਫੇਰ ਫੇਥ ਬੇਟੀ ਨੇ ਆਪਣੇ ਦਾਦਾ ਦਾਦੀ ਜੀ ਦਾ ਅਰਚਣ ਕੀਤਾ। ਏਕਤਾ ਜੀ ਨੇ, ਹੋਰ ਵੱਡੇ ਬੱਚਿਆਂ ਨੇ ਆਪਣੇ ਮਾਤਾ ਪਿਤਾ ਜੀ ਦਾ ਅਰਚਣ ਕਰਕੇ ਪ੍ਰਣਾਮ ਕੀਤਾ। ਸਚਮੁੱਚ ਸਵਰਗ ਉਥੇ ਵਰ੍ਹ ਰਿਹਾ ਸੀ। ਹਿਰਦੇ ਉੱਚ ਆਨੰਦ ਨਾਲ ਧੰਨ ਧੰਨ ਹੋ ਰਹੇ ਸਨ।

ਆਖੀਰ ਵਿੱਚ ਗੁਰੂ ਮਹਾਰਾਜ ਜੀ ਦੀ ਜੈ ਧੁਨੀ ਕਰਕੇ ਇਹ ਬਹੁਤ ਹੀ ਮੁਬਾਰਕ ਤੇ ਪ੍ਰਭਾਵਸ਼ਾਲੀ ਸਭਾ ਸਮਾਪਤ ਕੀਤੀ ਗਈ।

(ਇਕ ਸੇਵਕ)

ਕਲਿਆਣ ਵਿਖੇ ਮਾਤਾ ਪਿਤਾ ਦਿਵਸ ਤੇ ਖ਼ਾਸ ਸਤਿਸੰਗ

ਕਲਿਆਣ ਮੱਲਕਾ ਜਿਲਾ ਬਠਿੰਡਾ (ਦੇਵ-ਧਰਮ ਦਾ ਪੁਰਾਣਾ ਇਤਿਹਾਸਕ ਸਥਾਨ) ਵਿਖੇ ਪਿਛਲੇ 24-25 ਸਾਲਾਂ ਵਾਂਗ ਇਸ ਸਾਲ ਵੀ 11 ਫਰਵਰੀ ਤੋਂ 13 ਫਰਵਰੀ ਤੱਕ ਇਕ ਖ਼ਾਸ ਸਤਿਸੰਗ ਅਤੇ ਮਾਤਾ ਪਿਤਾ ਦਿਵਸ ਰੱਖਿਆ ਗਿਆ। ਇਸ ਮੰਤਵ ਦੇ ਲਈ 50-60 ਪੱਤਰ ਲਿਖ ਕੇ ਥਾਂ ਥਾਂ ਤੇ ਪੋਸਟ ਕੀਤੇ ਗਏ। ਸ੍ਰੀਮਾਨ ਬਲਬਹਾਦਰ ਸਿੰਘ ਜੀ, ਉਥੇ ਸਥਾਨਕ ਸੇਵਕਾਂ ਨੂੰ ਲੈ ਕੇ ਪਹਿਲਾਂ ਮਹੋਤਸਵ ਨੂੰ ਲੈ ਕੇ, ਫੇਰ ਮਹੋਤਸਵ ਤੋਂ ਵਾਪਸ ਕਦੀ ਕਦੀ ਰਾਤ ਨੂੰ ਇੱਕ ਸਭਾ ਕਰਾਉਂਦੇ ਰਹੇ। ਜਿਸ ਨਾਲ ਸਥਾਨਕ ਸੇਵਕਾਂ ਦੇ ਹਿਰਦੇ ਅੱਛੀ ਹਾਲਤ ਵਿੱਚ ਆਉਂਦੇ ਰਹੇ। ਸਭਾ ਸਥਾਨ ਦੀ ਸਫ਼ਾਈ ਆਦਿ ਕੀਤੀ ਗਈ। ਉੱਚੇ ਤੇ ਢੁਕਵੇਂ ਸਥਾਨ ਤੇ ਗੁਰੂ ਮਹਾਰਾਜ ਦੀ ਪਵਿੱਤਰ ਛਵੀ ਨੂੰ ਸ਼ੋਭਾਮਾਨ ਕੀਤਾ ਗਿਆ। ਹੋਰ ਪਾਣੀ ਆਦਿ ਦਾ ਖਾਸ ਪ੍ਰਬੰਧ ਕੀਤਾ ਗਿਆ। ਲੰਗਰ ਨੂੰ ਇਕ ਨੇੜੇ ਧਰਮਸ਼ਾਲਾ ਵਿਖੇ ਹੀ ਜਾਰੀ ਕੀਤਾ ਗਿਆ। 6 ਕੁ ਧਰਮ ਸਬੰਧੀਆਂ ਨੇ ਆਪਣੇ ਆਪਣੇ ਘਰਾਂ ਵਿੱਚ ਯਾਤਰੀਆਂ ਨੂੰ ਠਹਿਰਾਉਣ ਦੀ ਖੁਸ਼ੀ ਖੁਸ਼ੀ ਤਿਆਰੀ ਕੀਤੀ।

9 ਫਰਵਰੀ ਸ਼ਾਮ ਨੂੰ ਹੀ 3 ਜਨ ਬਾਹਰ ਤੋਂ ਪੁੱਜ ਗਏ ਸਨ। 9 ਦੀ ਸ਼ਾਮ ਤੋਂ ਇਸ ਸਤਿਸੰਗ ਸਬੰਧੀ ਸਭਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ। ਅਗਲੇ ਦਿਨ 30 ਦੇ ਕਰੀਬ ਯਾਤਰੀ ਮਲ੍ਹੇਕਾਂ ਕੇਸ਼ੂ ਪੁਰ ਤੋਂ ਪੁੱਜ ਗਏ। ਹੋਰ ਵੀ 30 ਦੇ ਕਰੀਬ ਯਾਤਰੀ ਪੁੱਜੇ। 13 ਦੀ ਸਵੇਰੇ ਵੀ ਕੁੱਝ ਸਥਾਨਾਂ ਤੋਂ ਸਾਥੀ ਸੇਵਕ ਪੁੱਜ ਗਏ ਸਨ।

9 ਨੂੰ ਸ਼ਾਮ ਤੋਂ ਸਭਾਵਾਂ ਆਰੰਭ ਹੋ ਗਈਆਂ ਸਨ। 10 ਤਾਰੀਖ ਨੂੰ ਇੱਕ ਸਭਾ, 11 ਨੂੰ ਦੋ ਸਭਾਵਾਂ, 12 ਤਾਰੀਖ ਨੂੰ 3 ਸਭਾਵਾਂ ਅਤੇ 18 ਤਾਰੀਖ ਐਂਤਵਾਰ ਨੂੰ ਖਾਸ ਮਾਤਾ ਪਿਤਾ ਦੀ ਸਭਾ ਕਰਾਈ ਗਈ। ਕੁੱਲ 8 ਸਭਾਵਾਂ ਕੀਤੀਆਂ ਗਈਆਂ।

ਇਸ ਬਹੁਤ ਹੀ ਵਿਰੋਧੀ ਤੇ ਕੜਾਕੇ ਦੀ ਠੰਡ ਅਤੇ ਗਹਿਰੇ ਬਦਲਾਂ ਤੇ ਬਾਰਿਸ ਭਰੇ ਮੌਸਮ ਵਿੱਚ ਚੰਡੀਗੜ੍ਹ ਤੋਂ 12 ਜਨ, ਗੋਨਿਆਨਾਂ ਮੰਡੀ, ਮਹਿਮਾਸਵਾਈ ਤੋਂ 4, ਕੇਸ਼ੂ ਪੁਰ ਮਲੇਕਾਂ ਆਦਿ ਤੋਂ 30, ਬਠਿੰਡਾ ਤੋਂ 3 ਭੁਚੋ ਮੰਡੀ ਤੋਂ 2, ਦੜਵਾ ਤੋਂ 1, ਜਮਨਾ ਨਗਰ 1, ਮੇਰਠ 1, ਖਤੌਲੀ ਤੋਂ 2, ਪਦਮ ਪੁਰ ਤੇ ਗੱਜ ਸਿੰਘ ਪੁਰਾ ਤੋਂ 12, ਨਥਾਣਾ ਤੋਂ 1, ਸੰਗਰੂਰ ਤੋਂ 1 ਹੋਰ ਪਿੰਡਾ ਤੋਂ ਕੁੱਲ 70-75 ਦੇ ਕਰੀਬ ਯਾਤਰੀ ਵੈਨਾਂ, ਕਾਰਾਂ ਲੈ ਕੇ ਇਸ ਅਵਸਰ ਤੇ ਪੁੱਜੇ ਜੋ ਬੜਾ ਹੀ ਸੁੰਦਰ ਨਜ਼ਾਰਾ ਸੀ। ਸਥਾਨਕ ਸੇਵਕ ਸੇਵਕਾਂ ਦੇ ਛੁੱਟ ਹੋਰ ਪਿੰਡ ਵਾਸੀ ਵੀ ਚੰਗੀ ਗਿਣਤੀ ਵਿੱਚ ਪੁੱਜ ਕੇ ਲਾਭ ਉਠਾਉਂਦੇ ਰਹੇ। ਸਭਾ ਸਥਾਨ ਪੂਰੀ ਤਰ੍ਹਾਂ ਫੁੱਲ ਹੋ ਜਾਂਦਾ ਰਿਹਾ। 100 ਜਾਂ ਇਸ ਤੋਂ ਵੀ ਵੱਧ ਹਾਜ਼ਰੀ ਹੋ ਜਾਂਦੀ ਰਹੀ।

ਇਸ ਸ਼ੁਭ ਅਵਸਰ ਤੇ ਸਭਾਵਾਂ ਸ੍ਰੀਮਾਨ ਬਲਦੇਵ ਸਿੰਘ ਜੀ, ਸ੍ਰੀਮਾਨ ਬਲਬਹਾਦਰ ਸਿੰਘ ਜੀ ਨੇ ਕਰਾਈਆਂ। ਭਜਨਾਂ ਦਾ ਗਾਣ ਪਹਿਲੋਂ ਸ੍ਰੀ ਮਾਨ ਬਲਬਹਾਦਰ ਸਿੰਘ ਜੀ ਫੇਰ ਸ਼੍ਰੀਮਾਨ ਜਗਦੀਸ਼ ਪ੍ਰਸਾਦ ਜੀ ਕੁੱਕੜ ਬਹੁਤ ਉੱਚ ਭਾਵਾਂ ਨਾਲ ਭਰ ਕੇ ਕਰਦੇ ਰਹੇ।

ਸਥਾਨਕ ਸੇਵਕਾਂ ਨੇ ਵੀ ਬਹੁਤ ਹੀ ਚਾਅ ਨਾਲ ਭਰ ਕੇ ਯਾਤਰੀ ਜਨਾ ਦੀ ਸੇਵਾ ਕਰਕੇ ਖੁਸ਼ੀ ਪ੍ਰਾਪਤ ਕੀਤੀ। ਸ੍ਰੀਮਾਨ ਬਲਬਹਾਦਰ ਸਿੰਘ ਜੀ, ਸਭਾਵਾਂ ਕਰਾਕੇ, ਨਾਨਾ ਪ੍ਰਕਾਰ ਦੀ ਸੇਵਾ ਕਰਕੇ, ਅਤੇ ਕੀ ਯਾਤਰੀਆਂ ਦੀ ਸੇਵਾ ਤੇ ਦੇਖ ਰੇਖ ਕਰਕੇ, ਬਹੁਤ

ਖੁਸ਼ ਰਹੇ। ਸਭਾਵਾਂ ਤੋਂ ਵੀ ਖਾਸ ਪ੍ਰਭਾਵਤ ਹੁੰਦੇ ਰਹੇ।

ਲੰਗਰ ਦਾ ਪ੍ਰਬੰਧ 4 ਸਹਾਇਕ ਜਨ ਰੱਖ ਕੇ ਸ਼੍ਰੀਮਾਨ ਬਲਬਹਾਦਰ ਸਿੰਘ ਜੀ ਨੇ ਕਰਾਇਆ। ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਰੁਪਿੰਦਰ ਕੌਰ ਜੀ, ਬਾਵਜੂਦ ਬਹੁਤ ਰੁਝੇਵੇ ਦੇ ਤੇ ਵਿਰੋਧੀ ਸੇਹਤ ਦੇ, ਲੰਗਰ ਵਿੱਚ ਖੁਦ ਬਹੁਤ ਸੇਵਾ ਕਰਦੀਆਂ ਰਹੀਆਂ। ਚਾਹ ਦੁੱਧ ਦੀ ਰਿਹਾਇਸ਼ੀ ਸਥਾਨਾਂ ਤੇ ਹੋਸਟ ਹੀ, ਆਪਣੇ ਆਪਣੇ ਹਾਂ ਠਹਿਰੇ ਜਾਤਰੀਆਂ ਦੀ ਬਹੁਤ ਉਤਮਤਾ ਨਾਲ ਸੇਵਾ ਕਰਦੇ ਰਹੇ। ਸਭ ਯਾਰਤੀ ਏਸ ਪਖੋਂ ਬਹੁਤ ਸੰਤੁਸ਼ਟ ਸਨ।

3 ਦਿਨ ਬਹੁਤ ਸ਼ੁਭ ਮਾਹੌਲ ਬਨਿਆ ਰਿਹਾ। ਸਥਾਨੀ ਕੁਝ ਸਾਥੀ ਖੁਸ਼ੀ ਖੁਸ਼ੀ ਦੁੱਧ ਦੀ ਸੇਵਾ ਕਰਦੇ ਰਹੇ। ਇਕ ਨੌਜਵਾਨ ਬਠਿੰਡੇ ਜਾ ਕੇ 75 ਹਾਰ ਤੇ ਗੁਰੂ ਮਹਾਰਾਜ ਦੇ ਅਰਚਣ ਲਈ ਵੱਡਾ ਹਾਰ ਖਾਸ ਸਭਾ ਲਈ ਲੈ ਕੇ ਆਏ।

9 ਤਾਰੀਖ ਰਾਤ ਤੋਂ ਸਭਾਵਾਂ ਆਰੰਭ ਕਰ ਦਿਤੀਆਂ ਗਈਆਂ। ਉਨ੍ਹਾਂ ਦਾ ਸੰਖੇਪ ਹਾਲ ਇਸ ਪ੍ਰਕਾਰ ਹੈ :-

9 ਫਰਵਰੀ ਰਾਤ ਨੂੰ ਇਸ ਸਤਿ ਸੰਗ ਦੀ ਪਹਿਲੀ ਸਭਾ ਕੀਤੀ ਗਈ। ਇਸ ਵਿੱਚ ਬਾਵਜੂਦ ਬਾਰਸ਼ ਦੇ ਅਤੇ ਖਰਾਬ ਮੌਸਮ ਦੇ ਕੁਝ ਜਨ ਆ ਗਏ ਸਨ। ਸਭਾ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਸਭਾ ਵਿੱਚ ਦੱਸਿਆ ਗਿਆ ਕਿ ਨੇਚਰ ਅੰਦਰ ਅਸਰਾਂ ਦਾ ਬੜਾ ਭਾਰੀ ਖੇਲ ਜਾਰੀ ਹੈ। ਇਨਸਾਨ ਅਕਸਰ ਬੁਰੇ ਅਸਰਾਂ ਵਿੱਚ ਹੀ ਵਾਸ ਕਰਦਾ ਹੈ। ਅਤੇ ਬਰਬਾਦ ਹੁੰਦਾ ਰਹਿੰਦਾ ਹੈ। ਐਪਰ ਉਸ ਨੂੰ ਕੁਝ ਪਤਾ ਨਹੀਂ ਲਗਦਾ। ਇਨਸਾਨ ਨੂੰ ਆਪਣਾ ਆਪ ਠੀਕ, ਵੱਡਾ, ਚੰਗਾ ਤੇ ਨਿਰਦੋਸ਼ ਦਿਖਾਈ ਦਿੰਦਾ ਹੈ। ਉਸ ਨੂੰ ਆਪਣੀ ਕੋਈ ਕਮੀ ਕਮਜੋਰੀ ਜਾਂ ਊਣਤਾਈ ਦਿਖਾਈ ਨਹੀਂ ਦਿੰਦੀ। ਬੁਰੇ ਅਸਰਾਂ ਨਾਲ ਬਰਬਾਦ ਜਿੰਦਗੀਆਂ ਬਾਰੇ ਬਿਆਨ ਕੀਤਾ। ਬੁਰੇ ਅਸਰਾਂ ਵਿੱਚ ਘਿਰ ਕੇ ਮਨੁੱਖ ਲਈ ਨੀਚ ਬਣਨਾ ਜਰੂਰੀ ਹੈ। ਹਾਨੀ ਉਠਾਉਣੀ ਜਰੂਰੀ ਹੈ। ਦੱਸਿਆ ਗਿਆ ਕਿ ਭਲੇ ਅਸਰ ਵੀਹਨ। ਉਹ ਬਹੁਤ ਘਟ ਹਨ, ਨਾਦਾਰਦ ਹੀ ਹਨ। ਦੇਵ ਆਤਮਾ ਸਤਿਗੁਰੂ ਅਦੁਤੀ ਅਸਰਾਂ ਦਾ ਦਾਨ ਦਿੰਦੇ ਹਨ। ਜਿਸ ਨਾਲ ਮਾਨਵ ਜੀਵਨ ਦੀ ਮਿੱਥਿਆ ਤੇ ਪਾਪਾਂ ਤੋਂ ਰੱਖਿਆ ਹੁੰਦੀ ਹੈ, ਦੁਖਾਂ ਕਸ਼ਟਾਂ ਤੋਂ ਰੱਖਿਆ ਹੁੰਦੀ ਹੈ। ਉਸ ਨੂੰ ਆਪਣੇ ਦੋਸ਼ ਤੇ ਅਪਰਾਧ ਦਿਸਦੇ ਹਨ। ਇਨਸਾਨ ਉਨ੍ਹਾਂ ਚੋਂ ਨਿਕਲਦਾ ਹੈ, ਤੇ ਕੁਝ ਦਾ ਕੁਝ ਬਣ ਜਾਂਦਾ ਹੈ। ਕੋਇਲੇ ਹੀਰੇ ਬਣ ਜਾਂਦੇ ਹਨ।

10 ਫਰਵਰੀ ਸ਼ਾਮ ਦੀ ਸਭਾ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਇਸ ਵਿੱਚ ਕੋਈ 20 ਦੇ ਲਗਭਗ ਇਸਤਰੀ ਪੁਰਖ ਹਾਜਰ ਸਨ। ਸਭਾ ਵਿੱਚ ਦੱਸਿਆ ਗਿਆ ਕਿ ਮਨੁੱਖ ਨੂੰ ਹਵਾ, ਪਾਣੀ ਤੇ ਖੁਰਾਕ ਦਾ ਤਾਂ ਪਤਾ ਲੱਗ ਗਿਆ ਹੈ, ਕਿ ਇਨ੍ਹਾਂ ਬਿਨਾਂ ਗੁਜ਼ਾਰਾ ਨਹੀਂ, ਮੌਤ ਹੈ। ਏਸੇ ਪ੍ਰਕਾਰ ਇਹ ਸਚਾਈ ਹੈ ਕਿ ਦੇਵ ਆਤਮਾ ਦੀ ਸ਼ਰਨ ਬਿਨਾਂ, ਮਨੁੱਖ ਲਈ ਬਰਬਾਦੀ ਤੇ ਵਿਨਾਸ਼ ਹੀ ਹੈ। ਦੇਵਆਤਮਾ ਦੀ ਸ਼ਰਨ ਬਿਨਾਂ ਮਨੁੱਖ ਲਈ, ਮੋਹ ਮਿੱਥਿਆ, ਪਾਪ ਤੇ ਅਗਿਆਨ ਵਿੱਚ ਫਸ ਕੇ ਬੁਰੀ ਤਰ੍ਹਾਂ ਬਰਬਾਦ ਹੋਣਾ ਜਰੂਰੀ ਹੈ। ਦੇਵ ਆਤਮਾ ਦੀ ਰੋਸ਼ਨੀ ਤੋਂ ਬਿਨ੍ਹਾਂ ਉਸ ਨੂੰ "ਕਿੱਥੇ ਮੇਰੀ ਤਬਾਹੀ ਹੈ ਤੇ ਕਿੱਥੇ ਮੇਰੀ ਭਲਾਈ ਹੈ", ਇਸ ਗਲ ਦਾ ਬਿਲਕੁਲ ਪਤਾ ਨਹੀਂ ਲਗਦਾ। ਉਹ ਨਸ਼ੇ ਪੀਂਦਾ ਹੈ ਬਰਬਾਦ ਹੁੰਦਾ ਹੈ। ਉਹ ਮਾਸਾਹਾਰ ਨਾਲ ਨਿਰਦਈ ਅਤੇ ਕਸਾਈ ਬਣਦਾ ਹੈ। ਚੋਰੀਆਂ, ਜੂਏ ਤੇ ਬੇਈਮਾਨੀਆਂ ਨਾਲ ਦੁਖ ਭੋਗਦਾ ਤੇ ਨਾਸ਼ ਹੁੰਦਾ ਹੈ। ਮਿਥਿਆ ਦੇ ਹਨੇਰਿਆਂ ਵਿੱਚ ਮੂੰਹ ਮੱਥੇ ਭੰਨਾਉਂਦਾ ਹੈ। ਘਰਾਂ ਵਿੱਚ ਕਲੇਸ਼ ਤੇ ਨਰਕ ਪੈਦਾ ਹੁੰਦਾ ਹੈ। ਮਾਰ ਕੁੱਟ ਕਤਲ ਤਕ ਨੌਬਤ ਆ ਜਾਂਦੀ ਹੈ। ਬੇਵਕਤ ਮੌਤਾਂ ਹੁੰਦੀਆਂ ਹਨ। ਆਤਮਾ ਦੀ ਕੋਈ ਹੋਸ਼ ਨਹੀਂ ਹੁੰਦੀ ਅਤੇ ਉਸ ਦਾ ਕੋਈ ਬੋਧ ਪ੍ਰਾਪਤ ਨਹੀਂ ਹੁੰਦਾ। ਪਸ਼ੂਆਂ ਨਾਲੋਂ ਭੈੜੀ ਜਿੰਦਗੀ ਬਤੀਤ ਕਰਕੇ ਕੁੱਤੇ ਬਿੱਲੇ ਦੀਆਂ ਮੌਤ ਮਨੁੱਖ ਮਰਦਾ ਹੈ। ਦੇਵ ਆਤਮਾ ਦੀ ਸ਼ਰਨ ਮਨੁੱਖੀ ਜੀਵਨ ਦੀ ਅਥਾਹ

ਰੱਖਿਆ ਕਰਦੀ ਹੈ ਤੇ ਉਸ ਦਾ ਭਲਾ ਕਰਦੀ ਹੈ, ਉਚਿਤ ਬਰਕਤਾਂ ਦਾ ਭਾਗੀ ਬਣਾਉਂਦੀ ਹੈ। ਜਿੰਨੀ ਹਵਾ ਇਨਸਾਨ ਲਈ ਜਰੂਰੀ ਹੈ, ਉਨ੍ਹਾਂ ਹੀ ਦੇਵ ਆਤਮਾ ਦੀ ਸ਼ਰਨ ਅਤੇ ਉਨ੍ਹਾਂ ਦਾ ਸਬੰਧ ਜਰੂਰੀ ਹੈ।

ਇਸ ਤੋਂ ਬਾਅਦ ਕੁੱਝ ਸ੍ਰੀਮਾਨ ਬਲ ਬਹਾਦਰ ਸਿੰਘ ਜੀ ਨੇ ਦਸਿਆ ਕਿ ਮਨੁੱਖ ਨੂੰ ਆਪਣਾ ਆਪ ਹੋਰ ਕਿਤੇ ਦਖਾਈ ਨਹੀਂ ਦਿੰਦਾ। ਕੇਵਲ ਔਰ ਕੇਵਲ ਦੇਵ ਆਤਮਾ ਦੀ ਰੋਸ਼ਨੀ ਵਿੱਚ ਹੀ ਦਿਖਾਈ ਦਿੰਦਾ ਹੈ। ਮਨੁੱਖ ਆਪਣੀ ਪਰਕਿਰਤ ਨੀਚ ਤਾ ਦੇਖਦਾ ਹੈ ਅਤੇ ਉਸ ਚੋਂ ਨਿਕਲਦਾ ਹੈ। ਦੇਵ ਆਤਮਾ ਦੀ ਸ਼ਰਨ ਤੋਂ ਪਰਾਂ ਮੌਤ ਤੇ ਵਿਨਾਸ਼ ਹੈ। ਦੇਵ ਆਤਮਾ ਦੀ ਸ਼ਰਨ ਵਿੱਚ ਰੱਖਿਆ ਤੇ ਵਿਕਾਸ ਹੈ। ਸਰਵ-ਹਿਤਾਂ ਦੀ ਬਾਰਿਸ਼ ਹੁੰਦੀ ਹੈ। ਇਹ ਸਭਾ ਬਹੁਤ ਚੰਗੀ ਤੇ ਪ੍ਰਭਾਵ-ਸ਼ਾਲੀ ਹੋਈ। ਹਾਜਰੀਨ ਨੇ ਵੀ ਕੁਝ ਨ ਕੁਝ ਪ੍ਰਭਾਵਤ ਹੋਣ ਦਾ ਅਵਸਰ ਪ੍ਰਾਪਤ ਕੀਤਾ।

11 ਫਰਵਰੀ ਸਵੇਰ ਦੀ ਸਭਾ ਵੀ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਇਸ ਵਿੱਚ ਵੀ 20 ਦੇ ਕਰੀਬ ਇਸਤਰੀ ਪੁਰਖ ਆ ਗਏ ਸਨ। ਖਤੌਲੀ ਤੋਂ ਧੀਮਾਨ ਜੀ ਅਤੇ ਉਨ੍ਹਾਂ ਦੇ ਨਾਲ ਇਕ ਹੋਰ ਬਜ਼ੁਰਗ ਵੀ, ਇਸ ਸਭਾ ਤੋਂ ਪਹਿਲੋਂ ਪੁੱਜ ਗਏ ਸਨ। ਇਸ ਸਭਾ ਵਿੱਚ ਪਹਿਲੋਂ "ਧਰਮ ਪਾਏ ਬਿਨਾਂ ਜੀਣਾ ਜਨਮ ਆਪਣਾ ਇਹ ਹੈ ਖੋਣਾ" ਭਜਨ ਗਾਇਆ ਗਿਆ। ਫੇਰ ਦੱਸਿਆ ਗਿਆ ਕਿ ਪਸ਼ੂ ਪੰਖੀ ਦੀ ਸੋਚ ਜਾਂ ਬੁਧੀ ਬਹੁਤ ਹੀ ਸੀਮਤ ਹੁੰਦੀ ਹੈ। ਉਹ ਪੇਟ ਜਾਂ ਭੁੱਖ, ਸਰਦੀ ਗਰਮੀ ਨੂੰ ਜਾਣਦੇ ਹਨ। ਉਹ ਇਹ ਨਹੀਂ ਜਾਣਦੇ ਕਿ ਕੱਲ ਨੂੰ ਵੀ ਭੁੱਖ ਲਗੇਗੀ, ਇਸ ਲਈ ਕੋਈ ਯਤਨ ਹੁਣੇ ਕਰ ਲਈਏ। ਉਹ ਆਪਣੇ ਸਰੀਰ ਤੱਕ ਨੂੰ ਵੀ ਨਹੀਂ ਠੀਕ ਜਾਣਦੇ। ਰੋਗਾਂ ਦਾ ਕੋਈ ਪਤਾ ਨਹੀਂ। ਮਨੁੱਖ ਦਾ ਦਿਮਾਗ ਬਹੁਤ ਹੀ ਉੱਨਤ-ਸ਼ੀਲ ਹੈ। ਉਹ ਬਹੁਤ ਕੁਝ ਸੋਚ ਸਕਦਾ ਹੈ। ਉਹ ਆਪਣੇ ਸਰੀਰ ਤੇ ਉਸ ਦੇ ਸੁਖ ਸਵਾਦ ਤੇ ਮਾਨ ਵਡਿਆਈ ਲਈ ਜੀਂਦਾ ਹੈ। ਉਸ ਤੋਂ ਅਗੇ ਉਸ ਦੀ ਅਕਸਰ ਸੋਚ ਨਹੀਂ ਜਾਂਦੀ। ਜੀਵਨ ਕੀ ਹੈ? ਇਸ ਦਾ ਕੋਈ ਖਾਸ ਮਕਸਦ ਕੀ ਹੈ? ਜਿੰਦਗੀ ਵਿੱਚ ਸਭ ਤੋਂ ਜਰੂਰੀ ਕੰਮ ਕੀ ਹੈ? ਜਿੰਦਗੀ ਦੀ ਸੁਫਲਤਾ ਕੀ ਹੈ? ਵਿਫਲਤਾ ਕੀ ਹੈ? ਜੋ ਮਨੁੱਖ ਇਹ ਨਹੀਂ ਸੋਚਦਾ, ਉਸ ਦਾ ਜੀਵਨ ਪੱਧਰ ਪਸ਼ੂ ਸਤਰ ਦਾ ਹੀ ਹੈ। ਉਹ ਬੁਧੀਮਾਨ ਪਸ਼ੂ ਹੀ ਹੈ।

ਜੇ ਮਨੁੱਖ ਨੂੰ ਪਤਾ ਵੀ ਲੱਗ ਜਾਵੇ ਕਿ ਜਿੰਦਗੀ ਵਿੱਚ ਧਰਮ ਪਰਾਪਤੀ ਸਭ ਤੋਂ ਵੱਡੀ ਪ੍ਰਾਪਤੀ ਹੈ, ਤਾਂ ਉਸ ਨੂੰ ਧਰਮ ਕੀ ਹੈ ਦਾ ਗਿਆਨ ਨਹੀਂ ਹੈ। ਉਹ ਪਾਠਾਂ, ਜਾਪਾਂ, ਮੰਦਰਾਂ ਗੁਰਦੁਆਰਿਆਂ ਵਿੱਚ ਵਿਚਰਨ ਦਾ ਨਾਂ ਹੀ ਧਰਮ ਜਾਣਦਾ ਹੈ ਜੋ ਕਿ ਗਲਤ ਹੈ। ਧਰਮ ਚੰਗੇ ਬਣਨ ਦਾ ਨਾਂ ਹੈ। ਭਲੇ ਬਣਨ ਦਾ ਨਾਂ ਹੈ। ਚੰਗੇ ਸੁਭਾਅ ਦਾ ਨਾਂ ਹੈ। ਚੰਗੇ ਵਿਹਾਰ ਦਾ ਨਾਂ ਹੈ। ਜਿਸਦੇ ਸਬੰਧਾਂ ਵਿੱਚ ਨਰਕ ਹੈ ਉਥੇ ਧਰਮ ਨਹੀਂ, ਜੋ ਨੀਚ ਕਰਮੀ ਹੈ ਉਥੇ ਧਰਮ ਨਹੀਂ। ਜੋ ਮਿੱਥਿਆ ਦਾ ਸ਼ਿਕਾਰ ਹੈ ਉਥੇ ਧਰਮ ਨਹੀਂ। ਜੋ ਸਿਰਫ ਆਪਣੇ ਹੀ ਲਈ, ਆਪਣੇ ਪਰਿਵਾਰ ਲਈ ਜੀਂਦਾ ਹੈ, ਉਥੇ ਧਰਮ ਨਹੀਂ। ਜੋ ਪਰ ਲਈ, ਕਿਸੇ ਦੂਜੇ ਲਈ ਕੁਝ ਨਹੀਂ ਕਰਦਾ ਉਥੇ ਧਰਮ ਨਹੀਂ। ਇਸ ਲਈ ਧਰਮ ਉੱਚ ਭਾਵਾਂ ਨਾਲ ਆਉਂਦਾ ਹੈ। ਉੱਚ ਭਾਵਾਂ ਨਾਲ ਵਿਹਾਰ ਠੀਕ ਹੁੰਦਾ ਹੈ। ਉੱਚ ਭਾਵਾਂ ਨਾਲ ਪਰ ਲਈ ਵੀ ਮਨੁੱਖ ਕੁਝ ਕਰਦਾ ਹੈ। ਸੋ ਉੱਚ ਭਾਵਾਂ ਦੀ ਕਮਾਈ ਜੀਵਨ ਵਿੱਚ ਸਭ ਤੋਂ ਉੱਚ ਕਮਾਈ ਹੈ। ਗੁਰੂ ਮਹਾਰਾਜ ਉੱਚ ਭਾਵ ਪੈਦਾ ਕਰਕੇ ਸੱਚੇ ਧਰਮ ਦਾ ਦਾਨ ਮਨੁੱਖ ਨੂੰ ਦਿੰਦੇ ਹਨ। ਇਸ ਪ੍ਰਕਾਰ ਉਸ ਦਾ ਪਰਮ ਹਿੱਤ ਅਤੇ ਜੀਵਨ ਸੁਫਲ ਕਰਦੇ ਹਨ।

ਸ਼ਾਮ ਦੀ ਸਭਾ ਸਾਡੇ ਪੰਜ ਵਜੇ ਕੀਤੀ ਗਈ। ਇਸ ਸਭਾ ਵਿੱਚ ਕੇਸੂਪੁਰ ਮੱਲੇਕਾ ਤੋਂ ਇਕ ਟਰੱਕ ਬੀਬੀਆਂ ਤੇ ਪੁਰਖਾਂ ਦਾ ਭਰ ਕੇ ਆ ਗਿਆ। ਚੰਡੀਗੜ੍ਹ ਤੋਂ ਖੇੜ੍ਹਾ ਸਾਹਿਬ, ਜਗਦੀਸ਼ ਜੀ ਅਤੇ ਮਧੂਸੂਦਨ ਜੀ ਆਦਿ 9/10 ਜਨ ਹੋਰ ਪੁੱਜ ਗਏ। ਸੰਗਰੂਰ ਤੋਂ ਸੀਤਾ ਰਾਮ ਜੀ ਆ ਗਏ। ਸਭਾ ਸਥਾਨ ਕਾਫੀ ਭਰ ਗਿਆ। ਇਹ ਸਭਾ ਵੀ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਪਹਿਲੋਂ ਭਗਵਾਨ ਦਾ ਦਾਨ ਪਾਉਣ ਲਈ ਪ੍ਰਾਰਥਨਾ ਕੀਤੀ ਗਈ। ਫੇਰ ਭਜਨ ਤੋਂ ਬਾਅਦ ਸਭਾਪਤੀ ਜੀ

ਨੇ ਦੱਸਿਆ ਕਿ ਮਨੁੱਖ ਨੂੰ ਦੁਖ ਮੁਸੀਬਤਾਂ, ਰੋਗਾਂ, ਮੌਤਾ, ਹਾਨੀਆਂ ਤੇ ਬਰਬਾਦੀਆਂ ਨੇ ਘੇਰਿਆ ਹੋਇਆ ਹੈ। ਮਨੁੱਖ ਇਨ੍ਹਾਂ ਤੋਂ ਬਚਣ ਲਈ ਨਦੀਆਂ ਨਾਲਿਆਂ ਨੂੰ, ਅਗਨੀ ਨੂੰ, ਸੱਪਾ ਨੂੰ ਦੇਵਤੇ ਸਮਝ ਕੇ ਪੂਜਦਾ ਰਿਹਾ ਹੈ। ਮਨੁੱਖ ਸਮਝਦਾ ਹੈ ਕਿ ਉਹ ਫੇਰ ਮੈਨੂੰ ਦੁੱਖ ਨਾ ਭੇਜਣ। ਉਨ੍ਹਾਂ ਦੀ ਪ੍ਰਸੰਨਤਾ ਲਈ ਉਨ੍ਹਾਂ ਨੂੰ ਪੂਜਦਾ ਹੈ। ਦੇਵ ਆਤਮਾ ਨੇ ਨਵੀ ਰੋਸ਼ਨੀ ਦਿੱਤੀ ਹੈ। ਉਨ੍ਹਾਂ ਨੇ ਦੱਸਿਆ ਹੈ, ਮਨੁੱਖ ਦੇ ਸਭ ਦੁੱਖ, ਮੁਸੀਬਤਾਂ, ਰੋਗ, ਘਾਟੇ, ਅਸਫਲਤਾ ਤੇ ਬਰਬਾਦੀ ਉਸ ਦੇ ਆਪਣੇ ਹੀ ਨੀਚ ਭਾਵਾਂ ਦੇ ਕਾਰਨ ਹਨ। ਨੀਚ ਭਾਵਾਂ ਦੇ ਫਲ ਦੁੱਖ, ਹਾਨੀ, ਤੇ ਵਿਨਾਸ਼ ਹਨ। ਆਪਣੇ ਨੀਚ ਭਾਵਾਂ ਨੂੰ ਜਾਣੋ ਤੇ ਉਨ੍ਹਾਂ ਤੋਂ ਮੁਕਤ ਹੋ ਜਾਵੋ। ਦੇਵ ਆਤਮਾ ਆਪਣੀ ਰੋਸ਼ਨੀ ਦੁਆਰਾ ਸਾਡੇ ਨੀਚ ਭਾਵਾਂ ਦਾ ਭਿਆਨਕ ਰੂਪ ਦਿਖਾਉਂਦੇ ਹਨ। ਉਹ ਆਪਣੀ ਸ਼ਕਤੀ ਦੁਆਰਾ ਅਧਿਕਾਰੀ ਮਨੁੱਖਾਂ ਨੂੰ ਨੀਚ ਭਾਵਾਂ ਤੋਂ ਮੁਕਤ ਕਰਦੇ ਹਨ। ਦੇਵ ਆਤਮਾ ਨੇ ਆਪਣੇ ਅਸਰਾਂ ਦੁਆਰਾ ਬਰਬਾਦ ਤੇ ਉੱਜੜੇ ਹੋਏ, ਮਨੁੱਖਾਂ ਨੂ ਬਚਾਇਆ ਹੈ। ਦੇਵ ਆਤਮਾ ਨੇ ਡੁਬਦੇ ਮਨੁੱਖਾਂ ਨੂੰ ਤਾਰਿਆ ਹੈ। ਠੋਸ ਘਟਨਾਵਾਂ ਸਦਕਾ ਦੇਵ ਆਤਮਾ ਦੇ ਕਾਰਜ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ। ਚੰਗਾ ਜ਼ੋਰਦਾਰ ਵਾਤਾਵਰਨ ਬਣ ਗਿਆ। ਇਸ ਤੋਂ ਬਾਅਦ ਸ੍ਰੀਮਾਨ ਬਲਬਹਾਦੁਰ ਸਿੰਘ ਜੀ ਨੇ ਕਿਹਾ ਕਿ ਉਸ ਪਾਸ ਕੋਈ ਧਰਮ ਨਹੀਂ ਹੈ ਜਿਸ ਦੇ ਸਬੰਧਾਂ ਵਿਚ ਨਰਕ ਹੈ। ਉਨ੍ਹਾਂ ਸ਼੍ਰੀਮਾਨ ਜਗਦੀਸ ਜੀ ਸ਼੍ਰੀਮਾਨ ਗੁਰਚਰਨ ਸਿੰਘ ਜੀ ਦੇ ਸਬੰਧਾਂ ਵਿੱਚ ਭੈੜ ਹਾਲ ਦੱਸਕੇ, ਉਨ੍ਹਾਂ ਦਾ ਭਲਾ ਅਤੇ ਸ਼ੁਭ ਕਰ ਸ਼ਾਨਦਾਰ ਪਰਿਵਰਤਨ ਬਿਆਨ ਕੀਤਾ। ਹੋਰ ਉਦਾਹਰਣ ਪੇਸ਼ ਕੀਤੇ। ਸਬੰਧਾਂ ਵਿੱਚ ਦੇਵ ਆਤਮਾ ਜੋ ਉੱਚ ਕਾਰਜ ਕਰਦੇ ਹਨ ਉਸਦਾ ਬਿਆਨ ਕੀਤਾ।

ਇਸ ਤੋਂ ਬਾਅਦ ਸ੍ਰੀਮਾਨ ਗੁਰਦੇਵ ਰਾਜ ਜੀ ਨੇ ਨਸ਼ਈ ਜਨਾਂ ਦੀ ਦੁਰਦਸ਼ਾ ਦਾ ਨਕਸ਼ਾ ਪੇਸ਼ ਕੀਤਾ। ਕਿਵੇਂ ਸ਼ਰਾਬ ਪੀ ਕੇ ਦੋ ਜਨ ਪਲਾਂ ਵਿੱਚ ਮੌਤ ਦੀ ਭੇਂਟ ਹੋ ਗਏ। ਸ਼ਾਦੀ ਅੰਦਰ ਕੀ ਨਰਕ ਪੈਦਾ ਹੋਇਆ ਉਸ ਦਾ ਚਿਤਰ ਪੇਸ਼ ਕੀਤਾ। ਅਪੀਲ ਕੀਤੀ ਕਿ ਅਜਿਹੇ ਬਰਬਾਦੀ ਦੇ ਜਹਿਰ ਤੋਂ ਬਚੋ।

12 ਫਰਵਰੀ ਸਵੇਰੇ ਸਾਡੇ-ਨੌ ਵਜੇ ਸਭਾ ਹੋਈ :- ਇਸ ਸਭਾ ਵਿੱਚ ਭੁੱਚੋ ਮੰਡੀ, ਰਾਮ ਪੁਰਾ ਅਤੇ ਚਡੀਗੜ੍ਹ ਤੋਂ ਕੁੱਝ ਹੋਰ ਜਨ ਆ ਕੇ ਸ਼ਾਮਲ ਹੋਏ। ਸਭਾ ਦੇ ਪਿੱਛੋਂ ਸ਼੍ਰੀਮਾਨ ਬਿਪਨ ਜੀ ਮੋਂਹੀਆਂਵਾਲਾ ਤੋਂ ਪਧਾਰੇ। ਇਹ ਸਭਾ ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਨੇ ਕਰਾਈ। ਇਸ ਵਿੱਚ ਸਨਮਾਨ ਭਾਵ, ਅਤੇ ਸ਼ਰਧਾ ਭਾਵ ਦੀ ਲੋੜ ਅਤੇ ਕੀਮਤ ਨੂ ਦਰਸਾਇਆ ਗਿਆ। ਸਨਮਾਨ ਸ਼ਰਧਾ ਭਾਵ ਦੇ ਲਖਸ਼ਣ ਹਾਜਰੀਨ ਨੂੰ ਪੁੱਛ ਪੁੱਛ ਕੇ ਅਤੇ ਹੋਰ ਸਾਫ ਕਰ ਕਰ ਕੇ ਦੱਸੇ ਗਏ। ਬਹੁਤ ਸੁਹਾਵਣਾ ਵਾਤਾਵਰਨ ਬਣ ਗਿਆ। ਆਖੀਰ ਤੇ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਵੀ ਇਸ ਭਾਵ ਦੀ ਸੁੰਦਰਤਾ, ਲੋੜ ਤੇ ਅਜ਼ਮਤ ਦਾ ਸੁੰਦਰ ਪੈਰੇ ਵਿੱਚ ਬਿਆਨ ਕੀਤਾ । ਹਾਜਰੀਨ ਭਾਰੀ ਤਾਦਾਦ ਵਿੱਚ ਇਕ ਟਿਕ ਹੋ ਕੇ ਇਸ ਸਾਦਾ ਸਰਲ ਤੇ ਸਪਸ਼ਟ ਸਭਾ ਤੋਂ ਲਾਭ ਉਠਾਉਂਦੇ ਰਹੇ।

ਦੁਪਹਿਰ 3 ਵਜੇ ਇਕ ਸਭਾ ਹੋਰ ਕੀਤੀ ਗਈ। ਇਹ ਸਭਾ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ :- ਇਸ ਵਿੱਚ ਸ਼ੁਕਰਗੁਜ਼ਾਰੀ ਦੇ ਭਾਵ ਦੀ ਜਰੂਰਤ ਤੇ ਮਹਿਮਾ ਦਾ ਪੁਰ ਜੋਰ ਬਿਆਨ ਕੀਤਾ ਗਿਆ। ਸਭਾ ਪਤੀ ਜੀ ਨੇ ਆਪਣੇ ਉਪਕਾਰੀ ਜਨਾਂ ਦਾ ਬਿਆਨ ਕੀਤਾ। ਆਪਣੇ ਸੀਸ ਨੂੰ ਉਨ੍ਹਾਂ ਦੇ ਹਜੂਰ ਵਿੱਚ ਝੁਕਾਇਆ। ਹਾਜਰੀਨ ਚੋਂ ਵੀ 4-5 ਜਨਾਂ ਨੇ ਭਰੇ ਦਿਲ ਨਾਲ ਆਪਣੇ ਉਪਕਾਰੀਆਂ ਦਾ ਬਿਆਨ ਕੀਤਾ। ਬਹੁਤ ਹੀ ਸਵਰਗੀ ਮੰਡਲ ਪੈਦਾ ਹੋ ਰਿਹਾ ਸੀ। ਫੇਰ ਜਗਦੀਸ਼ ਜੀ ਨੇ, "ਮੈਂ ਕਿਰਤਗ ਭਾਵ ਉਪਜਾਊਂ" ਅਤੇ ਸ਼ਰਨ ਤੁਮਰੀ ਨ ਆਤਾ ਮੈਂ ਵਾਲੇ ਭਜਨ ਗਾਏ। ਹਾਜਰੀਨ ਧੰਨ ਧੰਨ ਹੋ ਰਹੇ ਸਨ। ਕੁਝ ਨਵੇਂ ਜਨ ਆ ਕੇ ਸਭਾਪਤੀ ਜੀ ਨੂੰ ਝੁਕ ਝੁਕ ਧੰਨਵਾਦ ਦੇ ਰਹੇ ਸਨ। ਇਕ ਇਕ ਜਨ ਸਭਾ ਲਈ ਬਹੁਤ ਹੀ ਧੰਨਵਾਦ ਦਿੰਦੇ ਥਕਦੇ ਨਹੀਂ ਸੀ।

ਸ਼ਾਮ ਨੂੰ ਫੇਰ ਇਕ ਸਭਾ ਹੋਈ। ਉਸ ਦੇ

ਸਭਾਪਤੀ ਸ੍ਰੀਮਾਨ ਬਲਬਹਾਦਰ ਸਿੰਘ ਜੀ ਸਨ। ਪਹਿਲੋਂ ਸ੍ਰੀ ਗੁਰਚਰਨ ਸਿੰਘ ਜੀ ਨੇ "ਦੇਵ ਗੁਰੂ ਦੀ ਸ਼ਰਨ ਨ ਆਉਂਦਾ, ਪਾਉਂਦਾ ਦੁਖ ਘਨੇਰੇ ਮੈਂ" ਗਾਇਆ। ਜੋ ਬਹੁਤ ਹੀ ਹਿਰਦੇ ਦੇ ਭਾਵਾਂ ਨਾਲ ਭਰ ਕੇ ਗਾਇਆ। ਬਹੁਤ ਸੁੰਦਰ ਵਾਤਾਵਰਨ ਬਣਿਆ। ਫੇਰ ਸ੍ਰੀਮਾਨ ਜਗਦੀਸ਼ ਜੀ ਨੇ, "ਅਹੋ ਭਾਗ ਸਤਿਗੁਰ ਤੁਮੇਂ ਮੈਨੇ ਪਾਇਆ" ਵਾਲਾ ਭਜਨ ਗਾਇਆ। ਇਸ ਨਾਲ ਹੋਰ ਵੀ ਉਚ ਅਸਰਾਂ ਨਾਲ ਮੰਡਲ ਭਰ ਗਿਆ। ਸਭਾ ਵਿੱਚ ਦੱਸਿਆ ਗਿਆ ਕਿ ਜੋ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪ੍ਰਭੂ ਦੇ ਨਾਮ ਜਾਂ ਉਸਦੀ ਉਸ – ਤਿੱਤ ਦੇ ਸੁਣਿਆਂ ਦੁਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ, ਜਾਂ ਪਾਪਾਂ ਦੁਆਰਾ ਹਿਰਦੇ ਦੀ ਮੈਲ ਨਾਮ ਜਪਣ ਨਾਲ ਦੂਰ ਹੋ ਜਾਂਦੀ ਹੈ, ਇਹ ਠੀਕ ਨਹੀਂ। ਉਪ੍ਰੋਕਤ ਗੱਲਾਂ ਨਾਲ ਹਿਰਦੇ ਸ਼ੁਧ ਨਹੀਂ ਹੁੰਦਾ ਹੈ। ਮਨੁੱਖਾਂ ਨੂੰ ਜਦੋਂ ਆਪਣੀ ਨੀਚਤਾ ਵਖਾਈ ਦਿੰਦੀ ਹੈ, ਤੇ ਉਹ ਉਸ ਨੀਚਤਾ ਤੋਂ ਮੁਕਤ ਹੁੰਦੇ ਹਨ ਤਾਂ ਪਾਪ ਦੀ ਮੈਲ ਧੁਲਦੀ ਹੈ।

ਦੇਵ ਆਤਮਾ ਦੇ ਅਦੁਤੀ ਪ੍ਰਭਾਵਾਂ ਦੁਆਰਾ ਕਿੰਨੇ ਹੀ ਜਨਾਂ ਦੇ ਹਾਨੀ ਪਰਿਸੋਧ ਦੇ ਸਾਧਨਾਂ ਦਾ ਹਿਰਦੇ ਸਪਰਸ਼ੀ ਬਿਆਨ ਕੀਤਾ। ਇਕ ਪੁਤਰ ਦਾ ਪਿਤਾ ਤੋਂ ਮੁਆਫੀ ਦਾ ਪੱਤਰ ਪੜਿਆ। ਕਈ ਹਿਰਦੇ ਪਿਘਰ ਰਹੇ ਸਨ। ਪਾਕ ਹੰਝੂ ਬਹਾਉਣ ਲਈ ਬੇ–ਬਸ ਹੋ ਰਹੇ ਸਨ। ਇਸ ਪ੍ਰਕਾਰ ਇਹ ਸਭਾ ਬਹੁਤ ਪ੍ਰਭਾਵ – ਦਾਇਕ ਸਿੱਧ ਹੋ ਰਹੀ ਸੀ।

ਮਾਤਾ ਪਿਤਾ ਸਬੰਧੀ ਖਾਸ ਸਭਾ 13 ਤਾਰੀਖ ਸਵੇਰ ਨੂੰ ਰਖੀ ਗਈ। ਇਹ ਸਭਾ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਪਹਿਲੋਂ ਦੇਵ ਸਤੋਤਰ ਅਤੇ ਉਸਦੀ ਵਿਆਖਿਆ ਕੀਤੀ ਗਈ। ਫੇਰ ਗੁਰੂ ਮਹਾਰਾਜ ਦੇ ਦਾਨ ਦੀ ਪ੍ਰਾਪਤੀ ਲਈ ਪ੍ਰਾਰਥਨਾ ਕੀਤੀ ਗਈ। ਇਸ ਤੋਂ ਉਪਰੰਤ ਸਭਾਪਤੀ ਜੀ ਨੇ ਬਿਆਨ ਕੀਤਾ ਕਿ ਦੇਵ ਆਤਮਾ ਸਤਿਗੁਰੂ ਵਿਕਾਸ ਕ੍ਰਮ ਵਿਚ ਨਿਰਾਲੀਆਂ ਸ਼ਕਤੀਆਂ ਲੈਕੇ ਪ੍ਰਗਟ ਹੋਏ ਹਨ। ਉਹ ਨਵੀਂ ਰੋਸ਼ਨੀ ਲੈ ਕੇ ਆਏ ਹਨ। ਉਨ੍ਹਾਂ ਨਵਾਂ ਗਿਆਨ ਦਿੱਤਾ ਹੈ, ਧਰਮ ਦੀ ਦੁਨੀਆਂ ਅੰਦਰ ਨਵੀਂ ਬੋਲੀ ਬੋਲੀ ਹੈ। ਉਨ੍ਹਾਂ ਦੱਸਿਆ ਹੈ ਕਿ ਧਰਮ ਸਬੰਧਾਂ ਵਿੱਚ ਹੀ ਹੈ ਸਬੰਧਾਂ ਤੋਂ ਉਪਰਾਮ ਅਤੇ ਵੈਰਾਗੀ ਹੋਣ ਵਿੱਚ ਨਹੀਂ। ਸਬੰਧਾਂ ਨੂੰ ਤੋੜਨ ਵਿੱਚ ਨਹੀਂ। ਸਬੰਧਾਂ ਨੂੰ ਜੋੜਨ ਵਿੱਚ, ਉਨ੍ਹਾਂ ਨੂੰ ਉੱਚ ਤੇ ਸਵਰਗੀ ਬਣਾਉਣ ਵਿੱਚ ਹੈ। ਉਨ੍ਹਾਂ ਸੋਲਾਂ ਸਬੰਧਾਂ ਪ੍ਰਤੀ ਨਵੀਂ ਸਿਖਿਆ ਦਿੱਤੀ ਹੈ। ਉਨ੍ਹਾਂ ਜਿਉਣ ਦੀ ਸੱਚੀ ਜਾਚ ਸਿਖਾਈ ਹੈ। ਸਬੰਧਾਂ ਵਿੱਚ ਸੁਆਰਥ ਨਾਲ ਜੁੜਨ ਦੀ ਥਾਂ ਉੱਚ ਭਾਵਾਂ ਦੇ ਸੂਤਰਾਂ ਨਾਲ ਜੁੜਨ ਦਾ ਗੁਰ ਦਰਸਾਇਆ ਹੈ। ਦੇਵ ਆਤਮਾ ਨੇ ਨਾਰਕੀ ਸਬੰਧਾਂ ਨੂੰ ਸਵਰਗੀ ਬਣਾਉਣ ਦਾ ਬੀੜਾ ਉਠਾਇਆ ਹੈ। ਸ੍ਰੀਮਾਨ ਜਗਦੀਸ਼ ਜੀ ਨੇ "ਸ਼ਰਧਾ ਭਾਜਨ ਮਾਤਾ ਪਿਤਾ ਜੀ" ਵਾਲਾ ਭਜਨ ਗਾਇਆ। ਇਸ ਤੋਂ ਬਾਅਦ ਸ੍ਰੀਮਾਨ ਬਲਦੇਵ ਸਿੰਘ ਜੀ ਦੀ ਵੀਡੀਓ ਟੇਪ ਕੀਤੀ ਹੋਈ ਇਕ ਤਕਰੀਰ ਟੈਲੀਵਿਜਨ ਤੇ ਦਿਖਾਈ ਗਈ ਜੋ ਚੰਗੀ ਹਿਰਦੇ ਸਪਰਸ਼ ਸੀ! ਹਾਜਰੀਨ ਧਿਆਨ ਨਾਲ ਸੁਣਦੇ ਰਹੇ। ਉਸ ਤੋਂ ਬਾਅਦ ਤਿੰਨ ਅਤੀ ਸੁੰਦਰ ਗੀਤ ਜੋ ਮਾਤਾ ਦੇ ਰੂਪ ਨੂੰ ਦਰਸ਼ਾਉਂਦੇ ਸਨ, ਬਹੁਤ ਦਿਲਕਸ਼ ਲੈਅ ਵਿਚ ਟੀ. ਵੀ. ਤੇ ਦਿਖਾਏ ਗਏ ਜਿਸ ਨਾਲ ਬਹੁਤ ਹੀ ਸੁੰਦਰ ਵਾਤਾਵਰਨ ਬਣ ਗਿਆ। ਹਾਜਰੀਨ ਦੇ ਹਿਰਦੇ ਲਗਦਾ ਸੀ ਛੂਹੇ ਗਏ। ਇਸ ਤੋਂ ਬਾਅਦ ਸਭਾਪਤੀ ਜੀ ਨੇ ਗੁਰੂ ਮਹਾਰਾਜ ਦੇ ਮਹਾਨ ਉਪਕਾਰ ਨੂੰ ਚਿਤਾਰ ਦੇ ਹੋਏ ਆਪਣੇ ਤੇ ਹਾਜਰੀਨ ਦੇ ਮਹਾਂ ਸੁਭਾਗ ਨੂੰ ਮਹਿਸੂਸ ਕਰਾਇਆ। ਫੇਰ ਹਾਜਰੀਨ ਨੂੰ ਇਸੇ ਵਿਸ਼ੇ ਤੇ ਭਾਵ ਪ੍ਰਕਾਸ਼ ਕਰਨ ਲਈ ਪ੍ਰਾਰਥਨਾਂ ਕੀਤੀ।

ਭਾਵ ਪ੍ਰਕਾਸ਼

ਸ੍ਰੀਮਾਨ ਵਿਨਯ ਜੀ :– ਅੱਜ ਤੋਂ ਕੋਈ ਦੋ ਮਹੀਨੇ ਪਹਿਲਾਂ ਮੇਰੇ ਪਿਤਾ ਜੀ ਨੇ ਮੈਨੂੰ ਕਿਹਾ ਕਿ ਬੇਟਾ ਸਭਾ ਵਿਚ ਆਇਆ ਕਰੋ ਤਾਂ ਮੈਂ ਤੁਰੰਤ ਜੁਵਾਬ ਦਿੱਤਾ ਕਿ ਮੈਨੂੰ ਅਜਿਹਾ ਕੁਝ ਨਾ ਕਿਹਾ ਕਰੋ। ਮੇਰਾ ਦਿਲ ਸਭਾ ਵਿਚ ਜਾਣ ਨੂੰ ਨਹੀਂ ਕਰਦਾ। ਇੱਥੇ ਆ ਕੇ ਪਤਾ ਲੱਗਿਆ ਹੈ ਕਿ ਮੈਂ ਅਜਿਹਾ ਜੁਵਾਬ ਦੇ ਕੇ

ਆਪਣੇ ਪਿਤਾ ਜੀ ਨੂੰ ਕਿੰਨਾ ਵੱਡਾ ਦੁੱਖ ਦਿੱਤਾ ਹੈ। ਮੇਰੇ ਪਿਤਾ ਜੀ ਨੇ ਸਾਡੀ ਖਾਤਰ ਕੀ ਕੁੱਝ ਕਸ਼ਟ ਝੱਲੇ ਹਨ ਉਹ ਸਭ ਯਾਦ ਆ ਕੇ (ਬੇਵੱਸ ਰੋ ਰੋ ਕੇ) ਹਿਰਦੇ ਉਨ੍ਹਾਂ ਦੇ ਚਰਨਾਂ ਵਿਚ ਡਿਗਦਾ ਹੈ। ਸਾਡੀ ਖਾਤਰ ਪਿਤਾ ਜੀ ਨੇ ਨਿਰਾਦਰ ਤੇ ਅਪਮਾਨ ਵੀ ਬਰਦਾਸ਼ਤ ਕੀਤੇ। ਮੇਰੀ ਮਾਤਾ ਜੀ ਨੇ ਮੇਰੀ ਖਾਤਰ ਆਪਣੀ ਸਰਵਿਸ ਵੀ ਛੱਡ ਦਿੱਤੀ। ਮੇਰੇ ਬੱਚੇ ਦੀ ਟੱਟੀ ਪਿਸ਼ਾਬ ਉਠਾਉਂਦੀਆਂ ਹਨ, ਉਸ ਨੂੰ ਸੰਭਾਲਦੀਆਂ ਹਨ। ਉਨ੍ਹਾਂ ਦਾ ਇਹ ਰੂਪ ਮੈਨੂੰ ਪਹਿਲਾਂ ਕਦੇ ਮਹਿਸੂਸ ਨਹੀਂ ਹੋਇਆ ਇੱਥੇ ਆ ਕੇ ਦਿਖਾਈ ਦਿੱਤਾ ਹੈ। ਪਿਤਾ ਜੀ ਦੀ ਈਮਾਨਦਾਰੀ ਤੇ ਹਮਦਰਦੀ ਦੇ ਗੁਣ ਨਜ਼ਰ ਆਏ ਹਨ ਜੋ ਉਨ੍ਹਾਂ ਦੇ ਚਰਨਾ ਵਿਚ ਝੁਕਾਉਂਦੇ ਹਨ। ਅੱਗੇ ਤੋਂ ਸਭਾ ਵਿਚ ਜਾਣ ਤੋਂ ਕਦੇ ਵੀ ਇਨਕਾਰ ਨਹੀਂ ਕਰਾਂਗਾ ਅਤੇ ਪਿਤਾ ਜੀ ਨੂੰ ਤਕਲੀਫ ਨਹੀਂ ਪਹੁੰਚਾਉਂਗਾ। ਸਭਾ ਵਿਚ ਆਉਣਾ ਸੁਭਾਗ ਮਹਿਸੂਸ ਹੁੰਦਾ ਰਿਹਾ ਹੈ।

2. **ਸ੍ਰੀਮਾਨ ਬਲਬਹਾਦਰ ਸਿੰਘ ਜੀ** :- ਇਸ ਸਾਲ ਫੇਰ ਮੇਰਾ ਹੱਜ ਹੋ ਗਿਆ, ਮਾਤਾ ਪਿਤਾ ਦੇ ਗੁਣਾਂ ਨੂੰ ਗੁਰੂ ਮਹਾਰਾਜ ਦੀ ਕਿਰਪਾ ਨਾਲ ਦੇਖਣ ਦੇ ਯੋਗ ਹੋ ਗਿਆ। ਉਨ੍ਹਾਂ ਨੂੰ ਸਨਮਾਨ ਦੇਣ ਦੇ ਲਾਇਕ ਹੋ ਗਿਆ। ਇਹ ਹਾਲਤ ਪਾਕੇ ਮੈਂ ਧੰਨਵਾਦੀ ਹੁੰਦਾ ਹਾਂ। ਮੈਂ ਕੇਵਲ ਆਪਣੀਆਂ ਬੱਜਰ ਗਲਤੀਆਂ ਦਾ ਹੀ ਜ਼ਿਕਰ ਕਰੂੰਗਾ। ਆਪਣੀ ਨੀਚਤਾ ਹੀ ਦਸੂੰਗਾ। ਬਚਪਨ ਤੋਂ ਹੀ ਮੇਰਾ ਜੀਵਨ ਗਲਤੀਆਂ ਦਾ ਇਤਹਾਸ ਹੈ। ਬਚਪਨ ਵਿਚ ਮੈਂ ਨਹਾਉਣ ਤੋਂ ਡਰਦਾ ਸੀ, ਪਿਤਾ ਜੀ ਨਹਾ ਰਹੇ ਸਨ ਮਾਤਾ ਦੇ ਕਹਿਣ ਤੇ ਪਿਤਾ ਜੀ ਨੇ ਮੈਨੂੰ ਫੜ ਕੇ ਨਹਾ ਦਿੱਤਾ। ਇਸ ਨਾਲ ਮੈਂ ਔਖਾ ਹੋ ਗਿਆ। ਪਿਤਾ ਜੀ ਦੇ ਉਤੇ ਮਿੱਟੀ ਦਾ ਬੁਕ ਪਾ ਦਿੱਤਾ। ਜਦੋਂ ਮੈਂ ਹੋਰ ਵੱਡਾ ਹੋਇਆ ਸਕੂਲੋਂ ਪੜ ਕੇ ਘਰ ਆਉਂਦਾ, ਤਾਂ ਹੌਲੀ ਹੌਲੀ ਚੋਰਾਂ ਵਾਂਗ ਪੈਰ ਧਰਦਾ ਤਾਂ ਕਿ ਆਹਟ ਨਾ ਹੋ ਜਾਵੇ, ਬੀਮਾਰ ਪਈ ਮਾਂ ਨੂੰ ਮੇਰੇ ਆਉਣ ਦਾ ਪਤਾ ਨਾ ਲੱਗੇ, ਉਹ ਕਿਸੇ ਦਵਾ-ਦਾਰੂ ਲਿਆਉਣ ਲਈ ਕਹਿ ਨ ਦੇਵੇ। ਮੈਂ ਜਦੋਂ ਸੱਤਵੀ ਅਠਵੀਂ ਵਿਚ ਪੜਦਾ ਸੀ ਤਾਂ ਮਾਤਾ ਜੀ ਬਹੁਤ ਬੀਮਾਰ ਹੋ ਗਈਆਂ। ਉਨ੍ਹਾਂ ਨੂੰ ਲੁਧਿਆਣਾ ਸੀ. ਐਮ. ਸੀ. ਦਾਖਲ ਕਰਾਉਣਾ ਪਿਆ। ਪਿੱਛੋਂ ਮੈਂ ਆਪਣੇ ਛੋਟੇ ਭੈਣ ਭਾਈਆਂ ਦੀ, ਸੇਵਾ ਕਰਨ ਦੀ ਥਾਂ, ਉਨ੍ਹਾਂ ਤੇ ਸਖਤੀ ਕਰਦਾ ਤੇ ਮਾਰ ਕੁੱਟ ਵੀ ਕਰਦਾ। ਹੋਰ ਵੱਡਾ ਹੋ ਕੇ ਇਕ ਮੰਗਣੇ ਦੇ ਅਵਸਰ ਤੇ ਮੈਂ ਸ਼ਰਾਬ ਚੁਰਾ ਕੇ ਆਪਣੇ ਭਾਈ ਰਾਮ ਸਿੰਘ ਤੇ ਭੋਲਾ ਸਿੰਘ ਨਾਲ ਮਿਲ ਕੇ ਪੀਤੀ। ਤਿੰਨੇ ਬੇਹੋਸ਼ ਹੋ ਗਏ। ਮਾਂ ਬਾਪ ਲਈ ਮੁਸੀਬਤ ਖੜੀ ਕਰ ਦਿੱਤੀ। ਸਾਡੇ ਬਚਣ ਦਾ ਖਤਰਾ ਹੋ ਗਿਆ। ਸਵੇਰ ਦੇ ਸਵਾ ਚਾਰ ਵਜੇ ਤੱਕ ਹੋਸ਼ ਨਹੀਂ ਆਈ ਉਸ ਵਕਤ ਤੱਕ ਮਾਤਾ ਪਿਤਾ ਬਚਾਉਣ ਲਈ ਸਾਰਾ ਜੋਰ ਲਗਾਉਂਦੇ ਰਹੇ। ਹੋਰ ਵੱਡਾ ਹੋਣ ਤੇ ਜਦੋਂ ਕਾਲਜ ਚਲਾ ਗਿਆ ਤਾਂ ਉੱਥੇ ਸ਼ਰਾਬ ਪੀਂਦਾ ਤੇ ਫਿਲਮਾਂ ਦੇਖਦਾ ਸੀ। ਮਾਤਾ ਪਿਤਾ ਨੇ ਜੋ ਕਮਾਈ ਖੂਨ ਪਸੀਨਾ ਵਹਾ ਵਹਾ ਕੀਤੀ ਸੀ ਉਸ ਨੂੰ ਬੜੀ ਬੇਦਰਦੀ ਨਾਲ ਬਰਬਾਦ ਕਰਦਾ ਸੀ। ਦੋ ਵਾਰ ਫੇਲ ਹੋ ਕੇ ਧਨ ਦਾ ਨਾਸ਼ ਕੀਤਾ। ਇਸ ਕਦਰ ਗਾਫਲ ਹੋ ਗਿਆ ਕਿ ਦਾਖਲਾ ਭੇਜਣ ਦੇ ਕਾਬਲ ਵੀ ਨਾਂ ਹੋ ਸਕਿਆ। ਹੋਰ ਵੀ ਬਹੁਤ ਘਿਰਨਤ ਤੇ ਸ਼ਰਮਨਾਕ ਹਰਕਤਾਂ ਕੀਤੀਆਂ। ਜਿਨ੍ਹਾਂ ਦਾ ਪਤਾ ਲੱਗਣ ਤੇ ਉਨ੍ਹਾਂ ਨੂੰ ਬਹੁਤ ਦੁੱਖ ਹੋਣਾ ਸੀ। ਫੇਰ ਅਧਿਆਪਕ ਬਣ ਕੇ ਪੈਸਾ ਹੱਥ ਆਉਣਾ ਸ਼ੁਰੂ ਹੋ ਗਿਆ। ਸ਼ਰਾਬ ਪੀਣੀ ਵਧ ਗਈ। ਮਾਤਾ ਪਿਤਾ ਟੋਕਦੇ ਤਾਂ ਬੜਾ ਬੁਰਾ ਤੇ ਖਰਾਬ ਲੱਗਦੇ ਸੀ। ਗੰਵਾਰ ਅਨਪੜ ਨਜ਼ਰ ਆਉਂਦੇ ਸੀ। ਕਈ ਵਾਰ ਖੁਦਾ ਨੂੰ ਵੀ ਕੋਸਦਾ ਸੀ। ਕਿ ਕਿਸ ਗਲਤ ਜਗ੍ਹਾ ਜਨਮ ਦਿੱਤਾ ਹੈ। ਮਾਤਾ ਪਿਤਾ ਤੜਪ ਤੜਪ ਕੇ ਵਕਤ ਕੱਢਦੇ, ਅਪੀਲਾਂ ਕਰਦੇ, ਰੋਂਦੇ ਐਪਰ ਮੈਨੂੰ ਉਨ੍ਹਾਂ ਦੇ ਦੁਖ ਦਾ ਰਤੀ ਭਰ ਵੀ ਅਹਿਸਾਸ ਨਾ ਹੁੰਦਾ। ਮੁਝੇ ਅਬ ਯਾਦ ਆਤੀ ਹੈ ਵਫਾ ਤੇਰੀ, ਜਫਾ ਮੇਰੀ। ਇੱਕ ਲੋਹੜੀ ਦੇ ਦਿਨ ਸ਼ਰਾਬੀ ਹੋ ਕੇ ਘਰ ਆਇਆ, ਮਾਂ ਨੇ ਕਿਹਾ ਆਪਣਾ ਬੇਟਾ ਫੜ ਅਸੀਂ ਗੁੜ ਵੰਡਣ ਜਾਣ ਲਈ ਤੈਨੂੰ ਕਦੋਂ ਦੇ ਉਡੀਕਦੇ ਹਾਂ। ਬੇਟਾ ਵਗਾਹ ਮਾਰਿਆ। ਮਾਂ ਨੂੰ ਗੰਦੇ ਬਕਵਾਸ ਭਰੇ

ਸ਼ਬਦ ਕਹੇ। ਇਸ ਨਾਲ ਬੇਹੱਦ ਸ਼ਰਮਸਾਰ ਹੁੰਦਾ ਹਾਂ ਤੇ ਹੁੰਦਾ ਰਹੂੰਗਾ। ਜਿਸ ਬੱਚੇ ਤੋਂ ਡਰਦੀ ਮਾਂ ਰੋਣ ਲੱਗ ਜਾਂਦੀ ਹੈ ਉਹ ਬੇਹੱਦ ਨਲਾਇਕ ਹੁੰਦਾ ਹੈ। ਹੇ ਮਾਤਾ ਪਿਤਾ ਜੀ ਮੈਂ ਤੁਹਾਡਾ ਅਪਰਾਧੀ ਗੁਸਤਾਖ ਤੇ ਜ਼ੁਲਮ ਕਰਨ ਵਾਲਾ ਬੇਟਾ ਹਾਂ। ਗੁਰੂ ਨੇ ਮੈਨੂੰ ਥੋੜਾ ਥੋੜਾ ਇਸ ਰੂਪ ਵਿਚੋਂ ਕੱਢਿਆ ਹੈ। ਹੇ ਹਿਤ ਦੇ ਭੰਡਾਰ ਆਪ ਨੇ ਮੈਨੂੰ ਬਕਵਾਸ ਕਰਨ ਤੋਂ ਬਚਾਇਆ ਹੈ, ਡਾਂਟਣ ਜਾਂ ਤਾੜਨ ਤੋਂ ਹਟਾਇਆ ਹੈ। ਮੈਨੂੰ ਆਪਣਾ ਹੋਰ ਦਾਨ ਦਿਓ ਤਾਂ ਜੋ ਮੈਂ ਵੀ ਇਹ ਗਾਉਣ ਦੇ ਲਾਇਕ ਹੋ ਸਕਾ ਕਿ "ਸ਼ਰਧਾ ਭਾਜਨ ਮਾਤਾ ਪਿਤਾ ਜੀ ਸ਼ਰਧਾ ਭਾਵ ਕਰੂੰ ਉਪਹਾਰ।"

ਸ੍ਰੀਮਾਨ ਗੁਰਦੇਵ ਰਾਜ ਜੀ :- ਅੱਜ ਤੋਂ 25 ਦਿਨ ਪਹਿਲਾਂ ਮੇਰੇ ਸਕੂਟਰ ਤੋਂ ਡਿੱਗ ਕੇ ਸੱਟ ਲੱਗ ਗਈ ਸੀ। ਮਾਂ ਨੂੰ ਜਦੋਂ ਪਤਾ ਲੱਗਿਆ ਤਾਂ ਕਹਿਣ ਲੱਗੀ ਕਿ ਮੇਰੇ ਤਾਂ ਪੈਰਾਂ ਹੇਠੋਂ ਧਰਤੀ ਨਿੱਕਲੀ ਮਹਿਸੂਸ ਹੁੰਦੀ ਹੈ। ਮਾਤਾ ਅੰਦਰ ਕਿਸ ਕਦਰ ਮਮਤਾ ਹੁੰਦੀ ਹੈ? ਕੁਝ ਸਾਲ ਪਹਿਲਾਂ ਮਾਂ ਦਾ ਹਾਦਸਾ ਹੋ ਗਿਆ ਸੀ ਮੈਨੂੰ ਮਾਂ ਦੇ ਦੁੱਖ ਦਾ ਕੁੱਝ ਵੀ ਅਹਿਸਾਸ ਨਹੀਂ ਹੋਇਆ ਸੀ। ਮਾਂ ਨੇ ਇਸ ਉਮਰ ਵਿਚ ਵੀ ਮੇਰੀ ਬਹੁਤ ਸੇਵਾ ਕੀਤੀ। ਸੇਕ ਦਿੰਦੀਆਂ ਰਹੀਆਂ, ਪਿਤਾ ਜੀ ਦੱਸਦੇ ਹਨ ਕਿਸ ਤਰ੍ਹਾਂ ਉਨ੍ਹਾਂ ਨੇ ਤੇ ਮਾਤਾ ਜੀ ਨੇ ਸਾਰਾ ਸਾਰਾ ਦਿਨ ਖੇਤਾ ਵਿਚ ਆਪਣਾ ਖੂਨ ਪਸੀਨਾ ਵਹਾ ਕੇ ਕਮਾਈ ਕੀਤੀ ਤੇ ਸਾਨੂੰ ਪਾਲਿਆ। ਉਨ੍ਹਾਂ ਦੋ ਏਕੜ ਜ਼ਮੀਨ ਤੋਂ 12 ਏਕੜ ਜ਼ਮੀਨ ਬਣਾ ਦਿੱਤੀ। ਆਪ ਪੈਦਲ ਚੱਲਦੇ ਰਹੇ ਸਾਨੂੰ ਕਾਰਾਂ ਵਾਲੇ ਬਣਾ ਦਿੱਤਾ, ਆਪ ਝੁੱਗੀ ਵਿੱਚ ਰਹਿਣ ਵਾਲੇ, ਸਾਡੇ ਲਈ ਕੋਠੀ ਬਣਾ ਦੇ ਕੇ ਦਿੱਤੀ। ਮਾਤਾ ਪਿਤਾ ਸਾਡੀ ਰੁਚੀ ਦੇ ਵਿਰੁਧ ਨਿਕੀ ਮੋਟੀ ਗੱਲ ਵੀ ਕਰਦੇ ਹਨ ਤਾਂ ਅਸੀਂ ਆਕੜ ਕੇ ਬੋਲਦੇ ਹਾਂ, ਡਾਂਟਦੇ ਹਾਂ ਲਤਾੜਨ ਲੱਗਦੇ ਹਾਂ। ਇੱਕ ਮਾਂ ਨੂੰ ਸਾਡੇ ਪਿੰਡ ਉਸ ਦੇ ਨੂੰਹ ਪੁੱਤ ਨੇ ਘਰੋ ਕੱਢ ਦਿੱਤਾ ਸੀ। ਫੇਰ ਮਾਂ ਬੁਰੀ ਲੱਗਣ ਲੱਗ ਪਈ, ਬੱਚੇ ਘਰ ਨੂੰ ਤਾਲਾ ਲਾ ਕੇ ਇੱਕਲੀ ਘਰ ਛੱਡ ਗਏ। ਮਾਂ ਨੇ ਉਨ੍ਹਾਂ ਦੇ ਵਾਪਸ ਆਉਣ ਤੱਕ, ਉਨ੍ਹਾਂ ਨੂੰ ਦਿਲੋਂ ਲਿਤਾੜਨਾ ਤੇ ਕੋਈ ਮਾਮੂਲੀ ਛਮਕੀ ਤੱਕ ਮਾਰਨਾ ਵੀ ਗਵਾਰਾ ਨਹੀਂ ਕੀਤਾ। ਅਜਿਹੇ ਅੰਨ੍ਹੇ ਬੱਚਿਆਂ ਨੂੰ ਕਦੇ ਮਾਂ ਦਾ ਰੂਪ ਨਜ਼ਰ ਆ ਸਕਦਾ ਹੈ? ਉਹ ਕਦੇ ਨਜ਼ਰ ਨਹੀਂ ਆਵੇਗਾ। ਉਹ ਸਿਰਫ ਏਸੇ ਦਰ ਤੇ ਆਉਣ ਨਾਲ ਹੀ ਨਜ਼ਰ ਆ ਸਕਦਾ ਹੈ।

ਸ੍ਰੀਮਾਨ ਮੇਹਿਰ ਸਿੰਘ ਜੀ :- ਮੈਂ ਬਿਲਕੁਲ ਅੰਨ੍ਹਾਂ ਸਾਂ, ਪਿਤਾ ਜੀ ਸ਼ਰਾਬ ਛੁਡਾਉਣ ਦਾ ਕੰਮ ਕਰਦੇ ਸਨ, ਮੈਂ ਸ਼ਰਾਬ ਮਾਸ ਵਰਤਣ ਕਰਕੇ ਉਨ੍ਹਾਂ ਨੂੰ ਸਤਾਉਣ ਤੜਪਾਉਣ ਲੱਗ ਪਿਆ। ਉਨ੍ਹਾਂ ਨੇ ਮੇਰੀ ਇਕ ਖਾਸ ਭੂਆ ਜੀ ਨੂੰ ਬੁਲਾ ਕੇ ਉਨ੍ਹਾਂ ਸਾਹਮਣੇ ਹੱਥ ਜੋੜ ਕੇ ਮੈਨੂੰ ਸ਼ਰਾਬ ਛੱਡਣ ਦੀ ਅਪੀਲ ਕੀਤੀ। ਮੈਂ ਜਵਾਬ ਦਿੱਤਾ ਕਿ ਮੈਂ ਆਪਣੀ ਕਮਾਈ ਦੀ ਪੀਂਦਾ ਹਾਂ। ਪਿਤਾ ਕੁਝ ਬੋਲਦੇ ਤਾਂ ਮੈਂ ਉਨ੍ਹਾਂ ਦੀ ਬੇਇਜ਼ਤੀ ਕਰ ਦਿੰਦਾ ਲਤਾੜਦਾ ਤੇ ਚੁੱਪ ਕਰਾਉਂਦਾ ਸੀ। ਮਾਂ ਪਿਤਾ ਜੀ ਨੂੰ ਰੋਕਦੀ ਕਿ ਇਸ ਨੂੰ ਕੁੱਝ ਨਾ ਕਹੋ ਇਸ ਦੇ ਕੁੱਤੇ ਦੀ ਜਬਾਨ ਲੱਗੀ ਹੋਈ ਹੈ। ਪਿਤਾ ਜੀ ਦੀ ਬੱਸ ਦੇ ਥੱਲੇ ਆ ਕੇ ਮੁਸ਼ਕਲ ਨਾਲ ਜਾਨ ਬਚੀ। ਉਨ੍ਹਾਂ ਦੀ ਬਾਂਹ ਫਿਸ ਗਈ। ਪਿਤਾ ਜੀ ਨੇ ਦੁੱਖ ਨਾਲ ਜਦੋਂ ਮੈਨੂੰ ਦੱਸਿਆ ਤਾਂ ਮੈਂ ਅੱਗੋਂ ਹਮਦਰਦੀ ਕਰਨ ਦੀ ਥਾਂ ਇਹ ਕਿਹਾ ਕਿ ਤੁਸੀਂ ਇਸੇ ਦੇ ਲਾਇਕ ਹੋ। ਮੈਂ ਹਮੇਸ਼ਾ ਇਹ ਬਕਵਾਸ ਕਰਿਆ ਕਰਦਾ ਸੀ ਕਿ ਪਿਤਾ ਜੀ ਤੁਸੀਂ ਸਾਡੇ ਵਾਸਤੇ ਕੀਤਾ ਹੀ ਕੀ ਹੈ। ਜਦੋਂ ਮੇਰੇ ਪੁੱਤਰ ਨੇ ਇਹੋ ਸ਼ਬਦ ਮੈਨੂੰ ਕਹੇ, ਤਾਂ ਮੈਨੂੰ ਬੇਹੱਦ ਦੁੱਖ ਹੋਇਆ। ਪੰਜ ਸਾਲ ਡਿਪਰੈਸ਼ਨ ਦਾ ਸ਼ਿਕਾਰ ਰਿਹਾ ਬੜੀ ਮੁਸ਼ਕਲ ਨਾਲ ਰਾਜੀ ਹੋਇਆ। ਮੈਂ ਮਾਤਾ ਪਿਤਾ ਜੀਨੂੰ ਬਹੁਤ ਸਤਾਉਂਦਾ ਰਿਹਾ ਤੇ ਦੁੱਖ ਦਿੰਦਾ ਰਿਹਾ। ਪਿਤਾ ਜੀ ਬਹੁਤ ਈਮਾਨਦਾਰ ਸਨ। ਪਾਠ ਤੋਂ ਮਿਲੀ ਪੂਜਾ ਦੀ ਆਮਦਨ ਬੀਮਾਰਾਂ ਅਤੇ ਹੋਰ ਲੋੜਵੰਦਾਂ ਤੇ ਖਰਚ ਕਰ ਦਿੰਦੇ ਸਨ। ਜੇਕਰ ਅੱਜ ਅਸੀਂ ਖੁਸ਼ਹਾਲ ਹਾਂ, ਚੰਗੀ ਰੋਟੀ ਖਾਂਦੇ ਹਾਂ ਤਾਂ ਇਹ ਪਿਤਾ ਜੀ ਦੀ ਨੇਕ ਕਮਾਈ ਦਾ ਸਦਕਾ ਹੈ। ਪਿਤਾ ਜੀ ਬੇਹੱਦ ਥੱਕੇ ਟੁੱਟੇ ਚੂਰ ਹੋਏ ਹੋਏ ਸਨ। ਮੁਸ਼ਕਲ ਨਾਲ ਆਰਾਮ ਕਰਨ ਲੱਗੇ ਸਨ ਇੰਨੇ ਨੂੰ ਕਿਸੇ ਰੋਗੀ ਦਾ ਪਤਾ ਲੱਗ ਗਿਆ,

ਉਸ ਲਈ ਸਭ ਥਕਾਵਟ ਭੁਲਾ ਕੇ ਮੀਲਾ ਪਾਣੀ ਵਿਚੋਂ ਚੱਲ ਕੇ ਰੋਗੀ ਲਈ ਦਵਾਦਾਰੂ ਲਿਆਂਦੀ ਤੇ ਉਸ ਦੀ ਸੇਵਾ ਕਰਦੇ ਰਹੇ। ਬਹਤ ਤੰਗੀ ਦੇ ਹਾਲਾਤ ਵਿਚ ਪਿਤਾ ਜੀ ਨੇ ਈਮਾਨਦਾਰੀ ਦਿਖਾਈ। ਹੱਕ ਸੁਫਾ ਨਹੀਂ ਕਰਾਇਆ ਜਿਸ ਨਾਲ ਬਹੁਤ ਸੌਖੇ ਕਰਜ਼ਾ ਉੱਤਰ ਸਕਦਾ ਸੀ। ਉਨ੍ਹਾਂ ਦਾ ਮੱਝ ਰੱਖ ਕੇ ਆਪਣੇ ਹੱਥੀ ਚਾਰਾ ਢੋ ਕੇ, ਕੁਤਰ ਕੇ ਸਾਡੇ ਲਈ ਦੁੱਧ ਪੈਦਾ ਕਰਨਾ, ਉਨ੍ਹਾਂ ਦੇ ਚਰਨਾ ਵਿਚ ਝੁਕਾ ਰਿਹਾ ਹੈ। ਪਿਤਾ ਜੀ ਨੇ ਸੇਵਾ ਤੋਂ ਖੁਸ਼ ਹੋ ਕੇ ਮੈਨੂੰ ਕਿਹਾ ਕਿ ਸਾਰੇ ਭੈਣ ਭਾਈਆਂ ਨੂੰ ਸਮਾਜ ਨਾਲ ਜੋੜ ਦਿਓ। ਪਿਤਾ ਦੀ ਖੁਸ਼ੀ ਲਈ ਮੈਂ ਭੂਆ ਜੀ ਦੀ, ਪੈਸੇ ਨਾਲ ਸੇਵਾ ਕਰਦਾ ਹਾਂ। ਇਸ ਗੱਲ ਦਾ ਰਹਿ ਰਹਿ ਕੇ ਦੁੱਖ ਹੁੰਦਾ ਹੈ ਕਿ ਮੈਂ ਧਨ ਅਨੁਰਾਗੀ, ਬਣਦਾ ਮਕਾਨ ਛੱਡ ਕੇ, ਬੀਮਾਰ ਮਾਂ ਦੇ ਪਾਸ ਨਾ ਗਿਆ, ਜਿਹੜੀ ਸਾਡੀ ਸੇਵਾ ਕਰਦੀ ਕਰਦੀ ਘਿਸ ਗਈ ਸੀ। ਉਸ ਦੇ ਆਖਰੀ ਵਕਤ ਤੇ ਪੁੱਜ ਨਾ ਸਕਿਆ। ਮਾਂ, ਮੈਨੂੰ ਤਰਸਦੀ ਹੋਈ ਦੁੱਖ ਨਾਲ ਮਰ ਗਈ, ਮੈਂ ਉਸ ਪਾਸ (ਧਾਂਹਾਂ ਮਾਰਦੇ ਹੋਏ) ਪੁੱਜ ਨਾ ਸਕਿਆ। ਬਹੁਤ ਵੱਡਾ ਅਭਾਗਾ ਹਾਂ। ਬਾਅਦ ਵਿਚ ਪਛਤਾਵਾ ਪੱਲੇ ਰਹਿ ਗਿਆ ਹੈ। ਮੈਂ ਆਪਣੀ ਸੱਸ ਮਾਂ ਦੀ ਸੇਵਾ ਕਰਕੇਧੰਨ ਧੰਨ ਹੁੰਦਾ ਹਾਂ। ਘਰ ਵਿਚ ਸਵਰਗ ਬਣ ਰਿਹਾ ਹੈ, ਮੈਂ ਉਨ੍ਹਾਂ ਦਾ ਬੇਟਾ ਸਾਬਤ ਹੋਣ ਦਾ ਯਤਨ ਕਰਾਂਗਾ।"।

ਸ਼੍ਰੀਮਾਨ ਸੁੰਦਰ ਲਾਲ ਜੀ :- ਮੈਂ ਪਾਪੀ ਹਾਂ, ਮੇਰੇ ਪਰਿਵਾਰਕ ਜਨ ਬੈਠੇ ਹਨ, ਮੈਨੂੰ ਦੱਸਣ ਵਿਚ ਸ਼ਰਮ ਆਉਂਦੀ ਹੈ। ਮੈਂ ਆਪਣੀ ਜਨਮ ਦਾਤਾ ਦਾ ਬਹੁਤ ਅਪਮਾਨ ਕੀਤਾ ਹੈ। ਮਾਤਾ ਜੀ ਨੇ ਬਹੁਤ ਕਮਜ਼ੋਰ ਹਾਲਾਤ ਵਿਚ ਬੇਹੱਦ ਦੁਖ ਤਕਲੀਫਾਂ ਨਾਲ ਸਾਨੂੰ ਪਾਲਿਆ ਹੈ, ਮੈਂ ਅਜੇ ਬੱਚਾ ਹੀ ਸੀ, ਮੈਨੂੰ ਕਿਸੇ ਦੇ ਘਰ ਦਾਣਿਆਂ ਬਦਲੇ ਨੌਕਰ ਕਰਾਇਆ ਹੋਇਆ ਸੀ। ਮੈਂ ਰਾਤ ਨੂੰ ਪਾਣੀ ਲਾ ਰਿਹਾ ਸੀ। ਸਿਰਫ 8 ਸਾਲ ਦਾ ਸੀ। ਪਾਣੀ ਵਿਚ ਖੜਾ ਹੋਣ ਕਰਕੇ ਲੱਤਾਂ ਨੂੰ ਹਾਨੀ ਪਹੁੰਚ ਗਈ। ਮੇਰੀਆ ਲੱਤਾ ਤੇ ਕੋਹੜ ਚੱਲ ਗਿਆ ਘਰ ਵਿਚ ਕੋਈ ਪੈਸਾ ਨਹੀਂ ਸੀ ਇਕ ਜੋਗੀ ਨੇ ਮੈਨੂੰ 20 ਰੁਪਏ ਲੈ ਕੇ ਠੀਕ ਕੀਤਾ, ਮੈਂ ਕੰਮ ਦੇ ਲਾਇਕ ਹੋ ਗਿਆ। ਫੇਰ ਵੀ ਮੈਂ ਕੀ ਮਾਂ ਤੇ, ਕੀ ਵੱਡੀ ਭਾਬੀ ਤੇ ਥਾਣੇਦਾਰੀ ਕਰਦਾ ਰਿਹਾ। ਵੱਡੀ ਭੈਣ ਲਈ ਮਾਂ ਇਕ ਬਰਤਨ ਦੇਣ ਲੱਗੀ ਤਾਂ ਮੈਂ ਟੁੱਟ ਕੇ ਪੈ ਗਿਆ। ਝਾੜ ਕੇ ਬਿਠਾ ਦਿੱਤਾ (ਰੋ ਰੋ ਕੇ) ਮਾਂ ਦਾ ਹਜ਼ਾਰਾਂ ਵਾਰ ਅਪਮਾਨ ਕੀਤਾ ਹੈ, ਮਾਂ ਜੋ ਪੂਜਣਯੋਗ ਸੀ ਉਸ ਨੂੰ ਤੇ ਵੱਡੀ ਭਾਬੀਜੀ ਨੂੰ ਲਿਤਾੜਦਾ ਰਿਹਾ ਹਾਂ। ਮੈਂ ਆਪਣੀ ਮਾਂ ਨੂੰ ਮਾਰਨ ਵਾਲਾ ਹਾਂ। ਸਾਰਾ ਬਿਆਨ ਕਰਨ ਨਾਲ ਮੇਰਾ ਮੂੰਹ ਕਾਲਾ ਹੁੰਦਾ ਹੈ। ਇਕ ਮੌਤ ਰੋਜ ਮਰਦਾ ਸੀ। ਮੇਰੇ ਕੁੜਮ ਬੀਮਾਰ ਹੋ ਗਏ। ਉਨ੍ਹਾਂ ਦੀ ਹਾਰਦਿਕ ਭਾਵਾਂ ਲਾਲ ਸੇਵਾ ਕੀਤੀ, ਅਪਰੇਸ਼ਨ ਹੋ ਗਿਆ, ਉਹ ਬਚ ਗਏ, ਹਜ਼ਾਰਾਂ ਰੁਪਏ ਖਰਚ ਕਰਕੇ ਰਾਹਤ ਮਿਲੀ। ਗੁਰੂ ਮਹਾਰਾਜ ਨੇ ਈਮਾਨਦਾਰ ਬਣਾ ਦਿੱਤਾ। ਐਪਰ ਜੇਕਰ ਮੇਰਾ ਏਸ ਗੁਰੂ ਵੱਲ ਮੂੰਹ ਨਾ ਹੁੰਦਾ ਤਾਂ ਮੈਂ ਦੇਵਤਾ ਸਰੂਪ ਕੁੜਮ ਨੂੰ ਮਾਰ ਲੈਂਦਾ। ਭਾਈਆਂ ਨੇ ਮਿਲ ਕੇ ਮੇਰਾ ਖਰਚਾ ਵੀ ਵੰਡ ਲਿਆ।

ਇਕ ਨਵੇਂ ਨੌਜਵਾਨ : ਮੇਰੇ ਪਿਤਾ ਜੀ ਈਮਾਨਦਾਰ, ਕਰਮਠ ਤੇ ਧਾਰਮਿਕ ਹਨ। ਡਾ: ਮੁਨਸ਼ੀ ਸਿੰਘ ਜੀ ਆਕੇ ਸਭਾ ਕਰਾਉਂਦੇ ਹਨ। ਮੈਂ ਪਿਤਾ ਜੀ ਦੇ ਕਹਿਣ ਤੇ ਕਦੇ ਸਭਾ ਵਿਚ ਨਹੀਂ ਗਿਆ। ਜਾਣ ਬੁਝ ਕੇ ਲੇਟ ਹੋ ਜਾਂਦਾ ਰਿਹਾ ਹਾਂ। ਅੱਠ ਸਾਲ ਪਹਿਲਾਂ ਮੇਰੀ ਉਂਗਲੀ ਜ਼ਖਮੀ ਹੋ ਗਈ। ਮੇਰੀ ਮਾਂ ਬਹੁਤ ਰੋਂਦੀ ਸੀ ਜੋ ਹੁਣ ਨਜ਼ਰ ਆਉਂਦੀ ਹੈ, ਮੈ ਪਿਤਾ ਜੀ ਦੀ ਕਮਾਈ ਨੂੰ ਬਹੁਤ ਬਰਬਾਦ ਕੀਤਾ ਹੈ। ਗਿਆਰਵੀ ਕਲਾਸ ਵਿਚ ਟਿਊਸ਼ਨ ਰੱਖੀ। ਉਨ੍ਹਾਂ ਨੇ ਦੋ ਹਜਾਰ ਟਿਊਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ। ਮੈਂ ਗੱਲੇ ਚੋ ਚੋਰੀ ਪੈਸੇ ਕੱਢ ਕੱਢ ਕੇ ਟੀਚਰ ਨੂੰ ਦਿੰਦਾ ਰਿਹਾ। ਅੱਗੇ ਤੋਂ ਪਿਤਾ ਜੀ ਨੂੰ ਦੁਖੀ ਨਹੀਂ ਕਰੂੰਗਾ। ਇਸ ਸਤਿਸੰਗ ਨਾਲ ਜੁੜੂੰਗਾ। ਹੁਣ ਕਦੇ ਵੀ ਆਪਣੇ ਮਾਂ ਬਾਪ ਨੂੰ ਨਹੀਂ ਸਤਾਵਾਂਗਾ।

ਸ੍ਰੀਮਾਨ ਪ੍ਰੇਮ ਚੰਦ ਜੀ ਬਨੀ :- ਪਿਤਾ ਜੀ ਬੇਹੱਦ ਈਮਾਨਦਾਰ ਸਨ। ਕਰਜ਼ਾ ਲੈਣ ਤੋਂ ਬਹੁਤ ਡਰਦੇ ਸਨ। ਪਿਤਾ ਜੀ ਪੜੋਸੀ ਤੇ ਹਮਦਰਦੀ ਕਰਕੇ ਘਰ ਲੈ ਆਏ। ਮਜ਼ਦੂਰ ਦੀ ਪੈਸਿਆਂ ਲਾਲ ਸੇਵਾ ਕੀਤੀ। ਉਨ੍ਹਾਂ

ਦੀ ਮਜਦੂਰੀ ਦੇ ਪੈਸੇ ਚੋਰੀ ਕਰਕੇ ਮੈਂ ਗੋਲੀਆਂ ਖਾਂਦਾ ਰਿਹਾ, ਪਤਾ ਲੱਗਣ ਤੇ ਉਨ੍ਹਾਂ ਦੀ ਲੜਕੀ ਜਿਸ ਤਰ੍ਹਾਂ ਕਲਪੀ ਤੇ ਧਾਹਾਂ ਮਾਰੀਆਂ, ਉਸ ਦਾ ਮੇਰੇ ਤੇ ਕੋਈ ਅਸਰ ਨਾ ਹੋਇਆ। ਮੇਰੀ ਮਾਂ ਨੂੰ ਮੇਰੀ ਕਰਤੂਤ ਦਾ ਪਤਾ ਲੱਗ ਗਿਆ ਮਾਂ ਨੇ ਪੈਸੇ ਦੇ ਕੇ ਚੈਨ ਪ੍ਰਾਪਤ ਕੀਤਾ। ਦਾਦੀ ਮਾਂ ਨੇ ਘੋਟਨੇ ਮਾਰ ਮਾਰ ਕੇ ਮੈਨੂੰ ਚੋਰੀ ਦੀ ਆਦਤ ਹਟਾਈ। ਮੇਰੀ ਭੂਆ ਨੇ 1 ਸੂਟ ਦੀ ਖਾਹਸ਼ ਜ਼ਾਹਰ ਕੀਤੀ ਮੈਨੂੰ ਬਹੁਤ ਬੁਰਾ ਲੱਗਿਆ। ਹੁਣ ਮੈਂ ਉਨ੍ਹਾਂ ਨੂੰ ਸੂਟ ਲੈ ਕੇ ਦਿਆਂਗਾ। ਮਾਸੀ ਬੀਮਾਰ ਸੀ ਮੈਂ ਉਸ ਨੂੰ ਤੰਗ ਕਰਦਾ ਸੀ ਉਸ ਦੇ ਵਾਲ ਪੁੱਟਦਾ ਸੀ ਉਸ ਦਾ ਮੂੰਹ ਚਿੜਾਉਂਦਾ ਸੀ। ਇਹ ਸਭ ਯਾਦ ਆ ਆ ਕੇ ਦਿਲ ਦੁੱਖ ਨਾਲ ਭਰ ਰਿਹਾ ਹੈ।

ਸ੍ਰੀਮਾਨ ਜਲਧਰ ਜੀ :- ਪਿਤਾ ਜੀ ਦਾ ਸੇਵਾ ਭਾਵ ਤੇ ਪਰਉਪਕਾਰ ਨਜ਼ਰ ਆਇਆ ਹੈ। ਉਹ ਬੀਮਾਰਾਂ ਲਈ ਕੰਮ ਛੱਡ ਦਿੰਦੇ ਤੇ ਰੁਪਏ ਪਰਚ ਕਰ ਦਿੰਦੇ, ਪਸ਼ੂਆਂ ਦੀ ਬੇਹੱਦ ਸੇਵਾ ਕਰਦੇ ਸਨ। ਪਸ਼ੂ ਵੀ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਸਨ। ਮੇਰੀ ਮਾਤਾ ਜੀ ਮੈਨੂੰ ਪੜਾਉਣ ਲਈ ਬਹੁਤ ਵਿਆਕੁਲ ਰਹੀਆਂ। ਉਨ੍ਹਾਂ ਨ ਆਪ ਗਾਈਆਂ ਚਰਾਈਆਂ ਪਰ ਮੈਨੂੰ ਪੜਨੋ ਨਹੀਂ ਰੋਕਿਆ। ਮੇਰੇ ਤਾਇਆ ਅਤੇ ਭਰਾ ਨੇ ਮੈਨੂੰ ਚੰਡੀਗੜ੍ਹ ਕਾਲਜ ਵਿੱਚ ਦਾਖਲ ਕਰਾਇਆ। ਬੀ. ਏ. ਪਾਸ ਕਰਾਇਆ ਹੈ। ਡਾਕਟਰ ਸਾਹਿਬ ਖੇੜਾ ਸਾਹਿਬ ਨੇ ਮੇਰੀ ਬਹੁਤ ਤਰ੍ਹਾਂ ਨਾਲ ਮੱਦਦ ਕੀਤੀ। ਕਿਤਾਬਾਂ ਕਾਪੀਆਂ ਲਈ ਵੀ ਪੈਸੇ ਦਿੰਦੇ ਰਹੇ। ਪ੍ਰਿੰਸੀਪਲ ਸਾਹਿਬ ਨੇ ਚਾਰ ਸਾਲ ਮੇਰੀ ਫੀਸ ਮੁਆਫ ਕਰੀ ਰੱਖੀ। ਮੈਨੂੰ ਦੇਵ ਸਮਾਜ ਨਾਲ ਜੋੜਿਆ ਹੈ। ਇਸ ਨਾਲ ਮਨ ਬਹੁਤ ਤ੍ਰਿਪਤ ਹੋਇਆ ਹੈ।

ਸ੍ਰੀਮਾਨ ਹਰਦੇਵ ਸਿੰਘ ਜੀ :- ਪਿਤਾ ਜੀ ਸਰਕਾਰੀ ਟੀਚਰ ਰਿਟਾਇਰ ਹੋਏ ਹਨ। ਉਨ੍ਹਾਂ ਸਾਰੀ ਉਮਰ ਸਾਈਕਲ ਚਲਾਇਆ ਹੈ ਅਸੀਂ ਸਕੂਟਰ ਚਲਾਉਂਦੇ ਹਾਂ। ਪਿਤਾ ਜੀ ਦਾ ਅਪਮਾਨ ਕਰਦਾ ਹਾਂ। ਉੱਚਾ ਬੋਲਦਾ ਹਾਂ। ਉਨ੍ਹਾਂ ਨੂੰ ਘਿਰਨਾ ਕਰਦਾ ਹਾਂ। ਉਹ ਸਿਰ ਖਾਣ ਵਾਲੇ ਮਹਿਸੂਸ ਹੁੰਦੇ ਹਨ। ਪਰਨ ਕਰਦਾ ਹਾਂ ਕਿ ਅੱਜ ਤੋਂ ਪਿਤਾ ਜੀ ਦਾ ਅਪਮਾਨ ਨਹੀਂ ਕਰੂੰਗਾ। ਉਨ੍ਹਾਂ ਦਾ ਸਨਮਾਨ ਕਰੂੰਗਾ। ਮਾਂ ਨੂੰ ਕਦੇ ਨਹੀਂ ਸਤਾਊਂਗਾ। ਪਿਤਾ ਜੀ ਨੇ ਖੁਦ ਗੋਬਰ ਉਠਾਇਆ ਹੈ। ਪਸ਼ੂਆਂ ਨੂੰ ਸੰਭਾਲਦੇ ਸਨ ਫੇਰ ਸਕੂਲ ਜਾਂਦੇ ਸਨ। ਬੰਜਰ ਜ਼ਮੀਨ ਨੂੰ ਬਾਗ ਵਿਚ ਬਦਲ ਦਿੱਤਾ। ਪਿਤਾ ਦੀ ਸੇਵਾ ਕਰੂੰਗਾ।

ਸ੍ਰੀ ਗੋਬਿੰਦ ਸਿੰਘ ਜੀ :- ਪਦਮਪੁਰ ਕਈ ਸਭਾਵਾਂ ਸੁਣੀਆਂ ਉਥੇ ਕੋਈ ਖਾਸ ਅਸਰ ਨਹੀਂ ਹੋਇਆ। ਇਥੇ ਆਕੇ ਬਹੁਤ ਪ੍ਰਭਾਵ ਪਏ ਹਨ। ਹੁਣ ਨਜ਼ਰ ਆਇਆ ਹੈ। ਢੇਡ ਸਾਲ ਪਹਿਲਾ ਮਾਂ ਨਾਲ ਮਨਮੁਟਾਵ ਹੋ ਗਿਆ। ਉਸ ਮਾਂ ਨੇ ਸਿਲਾਈ ਦੀ ਮਸ਼ੀਨ ਚਲਾ ਕੇ ਮੈਨੂੰ ਪਾਲਿਆ ਹੈ। ਮਾਂ ਦਾ ਕਰਜਾ ਨਹੀਂ ਚੁਕਾ ਸਕਦਾ (ਰੋ ਰੋ ਕੇ, ਧਾਹਾਂ ਮਾਰਦੇ ਹੋਏ) ਹੁਣ ਹੋਸ਼ ਆਈ ਹੈ ਕਿ ਮੈਂ ਕਿਉਂ ਨਾ ਮਰ ਗਿਆ। ਪਤਨੀ ਨੇ ਰੱਜ ਕੇ ਮੇਰੀ ਸੇਵਾ ਕੀਤੀ ਹੈ, ਮੈਂ ਪਤਨੀ ਨਾਲ ਅੱਠ ਅੱਠ ਦਿਨ ਰੁਸ ਜਾਂਦਾ ਹਾਂ। ਹੁਣ ਬਹੁਤ ਸ਼ਰਮ ਆਉਂਦੀ ਹੈ। ਅੱਜ ਤੋਂ ਬਾਅਦ ਪਤਨੀ ਨੂੰ ਤੰਗ ਨਹੀਂ ਕਰੂੰਗਾ।

ਸ੍ਰੀਮਾਨ ਬਲਕਾਰ ਸਿੰਘ ਜੀ :- ਮੈਨੂੰ ਸ਼ਰਮ ਆ ਰਹੀ ਹੈ ਕਿ ਮਾਤਾ ਦੇ ਕੋਈ ਗੁਣ ਬਿਆਨ ਨਹੀਂ ਕਰ ਸਕਦਾ। ਬਹੁਤ ਦੁਖ ਹੋ ਰਿਹਾ ਹੈ। ਮਾਂ ਮੇਰੇ ਅਧਿਆਪਕ ਜੀ ਨੂੰ ਮਿੱਠੀਆਂ ਗੋਲੀਆਂ ਦੇ ਆਉਂਦੀ ਸੀ ਕਿ ਬੱਚਿਆਂ ਨੂੰ ਦੇ ਦਿਆ ਕਰਨਾ ਤਾਂ ਕਿ ਉਹ ਸਕੂਲ ਆਉਂਦੇ ਰਹਿਣ। ਮੈਂ ਝੂਠ ਮਾਰ ਕੇ ਦੁਕਾਨ ਤੋਂ ਚੀਜਾਂ ਲੈ ਲੈ ਕੇ ਕਰਜ਼ਾ ਚੜਾ ਦਿੱਤਾ। ਹੁਨ ਮਾਂ ਦੇ 50 ਰੁਪਏ ਮੰਗਣ ਤੇ 600 ਰੁਪਏ ਦੇ ਦਿੰਦਾ ਹਾਂ। ਮਾਂ ਕੇਵਲ 50 ਰੁ: ਰੱਖ ਕੇ ਬਾਕੀ ਮੋੜ ਦਿੰਦੀ ਹੈ।

ਸ੍ਰੀਮਾਨ ਮਧੂਸੂਦਨ ਜੀ :- ਇੱਥੇ ਆਕੇ ਮਾਤਾ ਪਿਤਾ ਵੱਲ ਧਿਆਨ ਜਾਂਦਾ ਹੈ। ਮੇਰੇ ਪਿਤਾ ਜੀ ਗੁਜ਼ਰ ਗਏ। ਚਾਚਾ ਜੀ ਨੇ ਮੈਨੂੰ ਪਾਲਿਆ ਹੈ ਉਨ੍ਹਾਂ ਨੇ ਹੀ ਥੋੜਾ ਬਹੁਤ ਪੜਾਇਆ ਹੈ। ਮਾਤਾ ਜੀ ਨੂੰ ਘਿਰਨਾ ਲਾਲ ਭਰ ਭਰ ਕੇ ਅਪਮਾਨ ਕਰ ਜਾਂਦਾ ਸੀ (ਜ਼ੋਰ ਜ਼ੋਰ ਦੀ ਰੋ ਰੋ ਕੇ) ਮੇਰਾ ਧਿਆਨ ਬਾਰ ਬਾਰ ਹੁਣ ਉਨ੍ਹਾਂ ਦੇ ਚਰਨਾਂ ਵਿੱਚ ਜਾਂਦਾ ਹੈ। ਇਸ ਦਰ ਤੇ ਜੋੜਨ ਲਈ

ਡਾ. ਖੇੜਾ ਸਾਹਿਬ ਦੀ ਮਾਤਾ ਨੇ ਉਪਕਾਰ ਕੀਤਾ ਹੈ, ਨਹੀਂ ਤਾਂ ਵੈਸੇ ਹੀ ਬਰਬਾਦ ਹੋਕੇ ਮਰ ਜਾਂਦਾ, ਜੇ ਇਸ ਦਰ ਨਾਲ ਨਾ ਜੁੜਦਾ।

ਸ੍ਰੀ ਗੁਰਚਰਨ ਸਿੰਘ ਜੀ :– ਮੈਂ ਹੀ ਉਹ ਕਾਤਲ ਹਾਂ ਜਿਸ ਨੇ ਆਪਣੇ ਪਿਤਾ ਨੂੰ ਮਾਰਿਆ ਹੈ। ਮੈਂ ਐਬਾਂ ਨਾਲ ਭਰਿਆ ਹੋਇਆ ਸੀ, ਬੁਰੀ ਸੰਗਤ ਵਿੱਚ ਫਸਿਆ ਹੋਇਆ ਸੀ, ਕੋਈ ਹੋਸ਼ ਨਹੀਂ ਸੀ, ਵੱਡਾ ਪਾਪੀ ਸੀ, ਪਿਤਾ ਜੀ ਦੁਖੀ ਹੁੰਦੇ ਹੁੰਦੇ ਰੋਗੀ ਹੋ ਗਏ, ਗੁਰਦੇ ਖਰਾਬ ਹੋ ਗਏ। ਚਿੰਤਾ ਦਾ ਰੋਗ ਲੱਗ ਗਿਆ। ਉਹ ਧਾਰਮਿਕ ਸਨ, ਮੈਂ ਹੋਸ਼ ਵਿੱਚ ਨਹੀਂ ਸਾਂ। ਮੇਰਾ ਤੇ ਪਿਤਾ ਜੀ ਦਾ ਇਕ ਸਾਂਝਾ ਖਾਤਾ ਸੀ। ਮੈਂ ਉਸ ਵਿੱਚੋਂ ਪੈਸੇ ਕੱਢੇ ਤੇ ਜੂਏ ਵਿਚ ਹਾਰ ਦਿੱਤੇ। ਪਿਤਾ ਜੀ ਨੇ ਦੁਖੀ ਹੋਕੇ ਵੱਖਰਾ ਖਾਤਾ ਖੋਲ੍ਹ ਲਿਆ। ਇਸ ਤੇ ਮੈਂ ਪਿਤਾ ਜੀ ਤੇ ਗਰਜਿਆ ਸੀ। ਉਨ੍ਹਾਂ ਦਾ ਅਥਾਹ ਨਿਰਾਦਰ ਹੋਇਆ ਪਿਤਾ ਜੀ ਬੀਮਾਰ ਪੈ ਗਏ ਤੇ ਸੰਸਾਰ ਤੋਂ ਵਿਦਾ ਹੋ ਗਏ।

ਸ੍ਰੀ ਤੁਲਸੀ ਦਾਸ ਜੀ :– ਗੁਰੂ ਦੇ ਅੰਮ੍ਰਿਤ ਦੀ ਬਰਖਾ ਹੋਈ ਹੈ। ਪਾਪੀ ਰੂਹਾਂ ਦੀ ਅੰਧਤਾ ਦੂਰ ਹੋਈ ਹੈ। ਉਨ੍ਹਾਂ ਦਾ ਭਲਾ ਹੋਇਆ ਹੈ। ਮੈਂ ਪਿਤਾ ਜੀ ਨੂੰ ਗਲਤ ਬੋਲਦਾ ਸੀ ਤਾਂ ਉਹ ਬਿਲਕੁਲ ਚੁੱਪ ਹੋ ਜਾਂਦੇ ਸਨ, ਹੁਣ ਮੈਂ ਇਸ ਪੱਖੋਂ ਗਲਤ ਨਹੀਂ ਬੋਲਾਂਗਾ। ਜੇ ਪਿਤਾ ਜੀ ਕੁਝ ਕਹਿਣ ਸੁਣਨਗੇ ਤਾਂ ਮੈਂ ਬਿਲਕੁਲ ਚੁੱਪ ਹੋ ਜਾਂਵਾਂਗਾ।

ਜੇਕਰ ਦੁਨੀਆਂ ਵਿਚ ਕੋਈ ਸੱਚਾ ਧਰਮ ਹੈ ਤਾਂ ਉਹ ਇਹੋ ਧਰਮ ਹੈ। ਅਜਿਹਾ ਧਰਮ ਹੋਰ ਦੁਨੀਆਂ ਵਿਚ ਕੋਈ ਨਹੀਂ। ਜੇ ਸਵਰਗ ਹੈ ਤਾਂ ਏਸੇ ਥਾਂ ਤੇ ਹੈ। ਮੈਂ ਅਜਿਹੇ ਨਿਰਾਲੇ ਗੁਰੂ ਅਤੇ ਨਿਰਾਲੇ ਧਰਮ ਦੀ ਖੁਸ਼ਖਬਰੀ ਲੋਕਾਂ ਤਾਈਂ ਵੱਧ ਤੋਂ ਵੱਧ ਪਹੁੰਚਾਵਾਗਾ।

ਸ੍ਰੀ ਬੂਟਾ ਸਿੰਘ ਜੀ : ਸੇਵਾ ਵਿਚ ਬਹੁਤ ਕਮੀਆਂ ਰਹੀਆਂ ਹਨ। ਉਨ੍ਹਾਂ ਲਈ ਮੁਆਫੀਮੰਗਦਾ ਹਾਂ। ਅੱਗੇ ਤੋਂ ਧਿਆਨ ਰੱਖਾਂਗਾ।

ਸਮਾਂ ਬਹੁਤ ਹੋ ਚੁਕਾ ਸੀ। ਦੁਪਹਿਰ ਦਾ ਇਕ ਬਜ ਗਿਆ ਸੀ। ਭਾਵੇਂ ਅਜੇ ਹੋਰ ਜਨ ਭਾਵ ਪ੍ਰਕਾਸ਼ ਕਰਨ ਦੀ ਇੱਛਾ ਰਖਦੇ ਸਨ, ਐਪਰ ਸਭਾ ਪਤੀ ਨੇ ਏਥੇ ਹੀ ਸਭਾ ਨੂੰ ਸਮਾਪਤ ਕਰਨ ਦਾ ਆਦੇਸ਼ ਦਿਤਾ। ਅਤੇ ਉਨ੍ਹਾਂ ਸੁਭਾਗਵਾਨ ਸੰਤਾਨ ਨੂੰ ਪ੍ਰੇਰਨਾ ਕੀਤੀ ਕਿ ਉਹ ਆਪਣੇ ਹਾਜ਼ਰ ਮਾਤਾ ਪਿਤਾ ਜੀ ਦਾ ਅਰਚਣ ਕਰਕੇ ਆਪਣੇ ਉੱਚ ਭਾਵਾਂ ਨੂੰ ਤਰਿਪਤ ਕਰਨ। ਸ੍ਰੀਮਾਨ ਬਲਬਹਾਦੁਰ ਸਿੰਘ ਜੀ ਨੇ ਸਭ ਤੋਂ ਪਹਿਲੋਂ ਆਪਣੇ ਹਾਜਰ ਸ਼ਰਧੇ ਮਾਤਾ ਪਿਤਾ ਜੀ ਦਾ ਅਰਚਣ ਕਰਕੇ ਉਨ੍ਹਾਂ ਦੇ ਚਰਨਾਂ ਵਿੱਚ ਸੀਸ ਰਖ ਕੇ ਪ੍ਰਣਾਮ ਦਾ ਸਾਧਨ ਕੀਤਾ। ਵਿਨੇ ਜੀ, ਸਪੁੱਤਰ ਜਗਦੀਸ਼ ਜੀ ਨੇ ਵੀ ਆਪਣੇ ਪਿਤਾ ਜੀ ਦੇ ਚਰਨਾਂ ਵਿੱਚ ਸਿਰ ਰੱਖ ਕੇ, ਅਤੇ ਪਾਕ ਅੱਥਰੂ ਬਹਾਉਂਦੇ ਹੋਏ ਪ੍ਰਣਾਮ ਦਾ ਸਾਧਨ ਕੀਤਾ। ਕੋਈ 75 ਹਾਰ ਏਸੇ ਸਾਧਨ ਲਈ ਵਰਤੋਂ ਵਿੱਚ ਸਭਾ ਸਥਾਨ ਤੇ ਲਿਆਏ ਜਾ ਰਹੇ ਸਨ। ਮਾਂਪਿਆ ਦੇ ਹਿਰਦੇ ਵੀ ਪਾਕ ਖੁਸ਼ੀ ਨਾਲ ਭਰ ਰਹੇ ਸਨ। ਬੜਾ ਹੀ ਸਵਰਗੀ ਵਾਤਾਵਰਨ ਬਣ ਰਿਹਾ ਸੀ। ਬਹੁਤ ਸਾਰੇ ਆਤਮਾ ਧੰਨ ਧੰਨ ਹੋ ਰਹੇ ਸਨ।

ਲੰਗਰ ਲਈ ਵੀ 4 ਹਜਾਰ ਤੋਂ ਉਪਰ ਦਾਨ ਪ੍ਰਾਪਤ ਹੋਇਆ। ਹੋਰ ਭਲੇ ਮੰਤਵ ਲਈ ਵੀ ਵਖਰ ਦਾਨ ਮਿਲਿਆ। ਕੁਝ ਅਖਬਾਰਾਂ ਦਾ ਚੰਦਾ ਤੇ ਨੀਅਤ ਦਾਨ ਵੀ ਮਿਲਿਆ।

ਉਸ ਦਿਨ ਖੁਸ਼ੀ ਦੇ ਅਵਸਰ ਤੇ ਸੈਂਕੜੇ ਜਨਾ ਲਈ ਬਹੁਤ ਉਤਮ ਭੋਜਨ ਤੇ ਖੀਰ ਤਿਆਰ ਕੀਤੀ ਗਈ ਸੀ। ਖੇੜਾ ਸਾਹਿਬ ਵਲੋਂ ਇਕ ਖਾਸ ਪ੍ਰਕਾਰ ਦਾ ਮਿਸ਼ਠਾਨ ਵੀ ਦੋ ਵੇਰ ਵਰਤਾਇਆ ਗਿਆ।

ਆਖੀਰ ਵਿੱਚ ਸਭਾਪਤੀ ਜੀਨੇ ਸਭ ਸਹਾਏ ਕਾਰਿਆਂ ਨੂੰ ਧੰਨਵਾਦ ਦਿੱਤਾ, ਖਾਸ ਕਰ ਗੁਰੂ ਮਹਾਰਾਜ ਦੇਹਜੂਰ ਬਾਰ ਬਾਰ ਸੀਸ ਨਿਵਾਇਆ, ਜਿਨਾਂ ਦੀ ਕਿਰਪਾ ਸਦਕਾ,ਇਹ ਖਾਸ ਸਤਿਸੰਗ ਅਤੇ ਅਵਸਰ ਬਹੁਤ ਸਫਲ ਹੋਇਆ ਅਤੇ ਆਤਮਾਂ ਦੇ ਲਈ ਚੰਗਾ ਹਿਤਕਰ ਪ੍ਰਮਾਣਤ ਹੋਇਆ।

ਚਾਰ ਬਾਰ ਜੈ ਧੁਨੀ ਦੇ ਨਾਲ ਇਹ ਖਾਸ ਸਤਿਸੰਗ ਸੰਪਨ ਹੋਇਆ। ਬਾਹਰੋਂ ਆਈਆਂ ਪਾਰਟੀਆਂ

ਦੇ ਜਨ, ਨਵੀਆਂ ਸੁੰਦਰ ਪੁਸਤਕਾਂ ਦਾ ਪ੍ਰਸਾਦ ਨਾਲ ਲੈ ਕੇ, ਫੁਰਤੀ ਦੇ ਨਾਲ ਵਿਦਾ ਹੋ ਗਏ।

ਸ਼ਰਧਾਂਜਲੀ

14 ਫਰਵਰੀ 11½ ਵਜੇ ਭੁੱਚੋ ਮੰਡੀ ਵਿਖੇ ਬਾਬੂ ਧਰਮ ਰਤਨ ਜੀ ਤੇ ਉਨ੍ਹਾਂ ਦੀ ਧਰਮ ਪਤਨੀ ਜੀ ਨੂੰ ਸ਼ਰਧਾਂਜਲੀ ਦੇਣ ਲਈ ਸ੍ਰੀਮਾਨ ਸੁਭਾਸ਼ ਜੀ ਨੇ ਆਪਣੇ ਹਾਂ ਇਕ ਸਭਾ ਰਖਵਾਈ। ਇਸ ਵਿੱਚ ਮੰਡੀ ਵਿੱਚੋ ਵੀ ਕੋਈ 100 ਦੇ ਆਸ ਪਾਸ ਇਸਤਰੀ ਖੁਰਖ ਆਕੇ ਸ਼ਾਮਲ ਹੋਏ। ਇਹ ਸਭਾ ਸ੍ਰੀਮਾਨ ਬਲਦੇਵ ਸਿੰਘ ਜੀ ਅਤੇ ਸ੍ਰੀਮਾਨ ਬਲਬਹਾਦਰ ਸਿੰਘ ਜੀ ਨੇ ਕਰਾਈ। ਅਰਚਨ ਦੇਵ ਸਤੋਤਰ ਦੇ ਗਾਨ ਤੋਂ ਬਾਅਦ ਬਾਬੂ ਧਰਮ ਰਤਨ ਜੀ ਦੇ ਸਦ ਗੁਣ ਚਿੰਤਨ ਕੀਤੇ ਗਏ। ਉਨ੍ਹਾਂ ਦੀ ਗੁਰੂ ਦੀ ਸਮਾਜ ਪ੍ਰਤੀ ਆਸਥਾ ਸੇ ਵਾਵਾਂ ਤੇ ਲਗਨ ਦਾ ਸੁਦਰ ਪੈਰਾਏ ਵਿੱਚ ਬਿਆਨ ਕੀਤਾ ਗਿਆ। ਸ਼ੁਭਾਸ਼ ਜੀ ਨੇ ਵੀ ਉਨ੍ਹਾਂ ਦੇ ਉਪਕਾਰਾਂ ਦਾ ਬਿਆਨ ਕੀਤਾ। ਗੁਰੂ ਮਹਾਰਾਜ ਦੀ ਮਹਮਾਂ ਸਭਾਪਤੀ ਜੀ ਨੇ ਪੇਸ਼ ਕੀਤੀ। ਇਸ ਪ੍ਰਕਾਰ ਇਹ ਸਭਾ ਚੰਗੀ ਪ੍ਰਭਾਵਸ਼ਾਲੀ ਬਣ ਗਈ। 800 ਰੁਪਏ ਦਾਨ ਪ੍ਰਾਪਤ ਹੋਇਆ।

ਸਭ ਹਾਜਰੀਨ ਲਈ ਉਤਮ ਭੋਜਨ ਤਿਆਰ ਕਰਾ ਕੇ ਸਰਵ ਕੀਤਾ ਗਿਆ।

(ਇਕ ਸੇਵਕ)

ਸ਼ੋਕ ਸਮਾਚਾਰ

ਬਹੁਤ ਸ਼ੋਕ ਕਿ ਸ਼੍ਰੀਮਤੀ ਸਰਸਵਤੀ ਦੇਵੀ ਜੀ ਤਾਇਲ, ਧਰਮ ਪਤਨੀ ਸ੍ਰੀਮਾਨ ਸ਼ਾਦੀ ਲਾਲ ਜੀ ਤਾਇਲ ਮੋਗਾ, ਐਤਵਾਰ 27 ਫਰਵਰੀ, 2005 ਨੂੰ ਬਾਅਦ ਦੁਪਹਿਰ 2½ ਵਜੇ ਆਪਣੇ ਗਰਹਿ, ਦੇਵ ਸਮਾਜ ਗਲੀ, ਮੋਗਾ ਵਿਖੇ, ਪ੍ਰਲੋਕ ਸਿਧਾਰ ਗਈਆਂ ਹਨ।

ਉਹ ਕਾਫੀ ਸਮੇਂ ਤੋਂ ਢਿੱਲੀਆਂ ਅਤੇ Bed-ridden ਸਨ।

ਉਹ ਕੋਈ 84½ ਸਾਲ ਉਮਰ ਦੀਆਂ ਸਨ। ਉਨ੍ਹਾਂ ਦੇ ਪੁਤਰ ਕੋਈ ਨਹੀਂ ਸੀ। ਉਹ ਆਪਣੇ ਪਿੱਛੇ 8 ਵਿਵਾਹਿਤ, ਘਰ ਪਰਿਵਾਰਾਂ ਵਾਲੀਆਂ ਲੜਕੀਆਂ ਛੱਡ ਗਈਆਂ ਹਨ। ਉਨ੍ਹਾਂ ਦਾ ਦਾਹ ਸੰਸਕਾਰ ਮੋਗਾ ਵਿਖੇ ਦੇਵ ਧਰਮ ਵਿਧੀ ਅਨੁਸਾਰਰ 26 ਫਰਵਰੀ ਨੂੰ ਕਰ ਦਿੱਤਾ ਗਿਆ।

ਸ਼ਰਾਧ ਦੀ ਸਭਾ ਮੋਗਾ ਵਿਖੇ 13 ਮਾਰਚ ਐਤਵਾਰ ਨੂੰ 12½ ਵਜੇ ਹੋਵੇਗੀ।

Printer, Publisher & Owned By Shriman Baldev Singh, House No. 3154, Sector 21-D, Chandigarh,
ਮੰਤਰੀ-ਦੇਵ-ਧਰਮ-ਮਿਸ਼ਨ ਨੇ Surya Laser Den, Chandigarh ਤੋਂ ਛਪਵਾਇਆ ਹੈ, ਐਡੀਟਰ ਬਲਦੇਵ ਸਿੰਘ।

Book Post